ਅਧਿਆਇ 33

ਪਰਮੇਸ਼ੁਰ ਬਾਰੇ ਅਲੀਹੂ ਦੇ ਵਿਚਾਰ

(ਭਾਗ 1)

ਅਲੀਹੂ ਨੇ ਅਧਿਆਇ 32 ਦੇ ਪਹਿਲੇ ਪੈਰ੍ਹੇ (33:1-7) ਤੋਂ ਆਪਣੇ ਵਿਚਾਰ ਨੂੰ ਪੇਸ਼ ਕਰਨਾ ਜ਼ਾਰੀ ਰੱਖਿਆ ਇਸ ਤੋਂ ਪਹਿਲਾਂ ਕਿ ਉਹ ਅੰਤ ਵਿਚ ਆਪਣੀਆਂ ਦਲੀਲਾਂ ਦੇਣੀਆਂ ਸ਼ੁਰੂ ਕਰਦਾ। ਸਭ ਤੋਂ ਪਹਿਲਾਂ, ਉਸ ਨੇ ਪਰਮੇਸ਼ੁਰ ਦੇ ਵਿਰੁੱਧ ਅੱਯੂਬ ਦੇ ਰਾਹੀਂ ਲਗਾਏ ਗਏ ਕੁਝ ਦੋਸ਼ਾਂ ਦਾ ਫਿਰ ਤੋਂ ਬਿਆਨ ਕੀਤਾ (33:8-12)। ਫਿਰ ਅਲੀਹੂ ਨੇ ਅੱਯੂਬ ਨੂੰ ਪਰਮੇਸ਼ੁਰ ਦੀ ਮਹਾਨਤਾ ਦੀ ਯਾਦ ਦਿਵਾਉਂਦਿਆਂ ਇਹ ਪੁਸ਼ਟੀ ਕੀਤੀ ਕਿ ਸੱਚਮੁੱਚ ਪਰਮੇਸ਼ੁਰ ਗੱਲ ਕਰਦਾ ਹੈ: ਦਰਸ਼ਨਾਂ ਅਤੇ ਸੁਫਨਿਆਂ ਵਿਚ (33:13-18); ਸਜ਼ਾ ਦੇਣ ਦੇ ਦੁਆਰਾ (33:19-22); ਅਤੇ ਇਕ ਦੂਤ ਦੇ ਰਾਹੀਂ (33:23-28)। ਪਰਮੇਸ਼ੁਰ ਅਕਸਰ ਮਨੁੱਖ ਨੂੰ ਵਾਪਸ ਮੋੜਣ ਦੇ ਲਈ ਇਨ੍ਹਾਂ ਤਰੀਕਿਆਂ ਦਾ ਇਸਤੇਮਾਲ ਕਰਦਾ ਹੈ (33:29:33)।

ਅਲੀਹੂ ਦਾ ਸੱਚੇ ਮਨੋਂ ਬੋਲਣਾ (33:1-7)

1ਏਸ ਲਈ ਹੇ ਅੱਯੂਬ ਜ਼ਰਾ ਜ਼ਰਾ ਮੇਰਾ ਬੋਲਣਾ ਸੁਣ ਲੈ, ਅਤੇ ਮੇਰੀਆਂ ਸਾਰੀਆਂ ਗੱਲਾਂ ਉੱਤੇ ਕੰਨ ਲਾ। 2ਵੇਖ, ਮੈਂ ਆਪਣਾ ਮੂੰਹ ਖੋਲ੍ਹਿਆ ਹੈ, ਮੇਰੀ ਜੀਭ ਮੇਰੇ ਮੂੰਹ ਵਿੱਚ ਬੋਲਦੀ ਹੈ। 3ਮੇਰਾ ਕੂਣਾ ਮੇਰੇ ਦਿਲ ਦੀ ਸਿਧਿਆਈ ਨੂੰ ਦੱਸੂਗਾ, ਅਤੇ ਮੇਰੇ ਬੁੱਲ੍ਹਾਂ ਦੇ ਗਿਆਨ ਨੂੰ ਓਹ ਸਫ਼ਾਈ ਨਾਲ ਬੋਲਣਗੇ। 4ਪਰਮੇਸ਼ੁਰ ਦੇ ਆਤਮਾ ਨੇ ਮੈਨੂੰ ਸਾਜਿਆ, ਸਰਬ ਸ਼ਕਤੀਮਾਨ ਦੇ ਸਾਹ ਨੇ ਮੈਨੂੰ ਜੀਉਂਦਿਆਂ ਕੀਤਾ। 5ਜੇ ਤੂੰ ਉੱਤਰ ਦੇ ਸੱਕਦਾ ਹੈਂ ਤਾਂ ਦੇਹ, ਮੇਰੇ ਸਨਮੁਖ ਬਣ ਸਜ ਕੇ ਕਾਇਮ ਹੋ ਜਾਹ। 6ਵੇਖ, ਮੈਂ ਪਰਮੇਸ਼ੁਰ ਲਈ ਤੇਰੇ ਜਿਹਾ ਹਾਂ, ਮੈਂ ਵੀ ਗਾਰੇ ਦੇ ਇੱਕ ਥੋਬੇ ਦਾ ਬਣਿਆ ਹੋਇਆਂ ਹਾਂ। 7ਵੇਖ, ਮੇਰੇ ਭੈ ਤੋਂ ਤੈਨੂੰ ਡਰਨਾ ਨਾ ਪਊਗਾ, ਮੇਰਾ ਦਾਬਾ ਤੇਰੇ ਉੱਤੇ ਭਾਰੀ ਨਾ ਹੋਊਗਾ।

ਆਇਤ 1. ਅਲੀਹੂ ਨੇ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, **ਏਸ ਲਈ ਹੇ ਅੱਯੂਬ ਜ਼ਰਾ ਮੇਰਾ ਬੋਲਣਾ ਸੁਣ ਲੈ।** ਜੌਨ ਈ. ਹਾਰਟਲੀ ਨੇ ਕਿਹਾ, "*ਅੱਯੂਬ* ਨੂੰ ਉਸ ਦੇ ਨਾਮ ਤੋਂ ਪੁਕਾਰਦੇ ਹੋਏ ਉਸ ਨੇ ਕਿਸੇ ਸਿਰਲੇਖ ਦੀ ਵਰਤੋਂ ਨਹੀਂ ਕੀਤੀ, ਇਸ ਤੋਂ ਉਹ ਇਹ ਵਿਖਾ ਰਿਹਾ ਸੀ ਕਿ ਉਸ ਨੂੰ ਕਿਸੇ ਵੀ ਮਨੁੱਖ ਦੇ ਅਹੁਦੇ ਜਾਂ ਸਥਿਤੀ ਦੀ ਕੋਈ ਪਰਵਾਹ ਨਹੀਂ ਸੀ।"[1] ਹਾਲਾਂਕਿ ਅਲੀਹੂ ਦੀ ਸਾਦਗੀ ਸਾਨੂੰ ਬੇਤੁੱਕੀ ਜਾਪਦੀ ਹੈ, ਇਹ ਨਿਰਪੱਖ ਹੋਣ ਅਤੇ ਚਾਪਲੂਸੀ ਨੂੰ ਰੋਕਣ ਦੀ ਉਸ ਦੀ ਵਚਨਬੱਧਤਾ ਨਾਲ ਮੇਲ ਖਾਂਦੀ ਹੈ (32:21, 22)।

ਜੇਮਸ ਬਰਟਨ ਕੋਫ਼ਮੈਨ ਨੇ ਸੋਚਿਆ ਕਿ ਅਲੀਹੂ "ਕਿਰਪਾ ਦਿਖਾਉਂਦੇ ਹੋਏ, ਅੱਯੂਬ ਨੂੰ ਨਾਮ ਤੋਂ ਬੁਲਾ ਰਿਹਾ ਸੀ, ਜਿਵੇਂ ਇਕ ਬਹੁਤ ਹੀ ਨਜ਼ਦੀਕੀ ਜਾਂ ਘਟੀਆ ਮਨੁੱਖ ਨੂੰ ਬੁਲਾਉਣ ਲਈ ਕੀਤਾ ਜਾਂਦਾ ਹੈ, ਇਹ ਇਕ ਅਜਿਹਾ ਕੰਮ ਸੀ ਜੋ ਅੱਯੂਬ ਦੇ ਤਿੰਨਾਂ ਮਿੱਤਰਾਂ ਨੇ ਪੂਰੀ

ਪੁਸਤਕ ਵਿਚ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ।"[2] ਆਪਣੇ ਉਪਦੇਸ਼ ਦੌਰਾਨ, ਅਲੀਹੂ ਨੇ ਨੌ ਵਾਰ ਅੱਯੂਬ ਦਾ ਜ਼ਿਕਰ ਉਸ ਦੇ ਨਾਮ ਤੋਂ ਕੀਤਾ (32:12; 33:1, 31; 34:5, 7, 35, 36; 35:16; 37:14)। ਇਸ ਤਰ੍ਹਾਂ ਜਾਪਦਾ ਹੈ ਕਿ ਅਜਿਹਾ ਉਸ ਨੇ ਇਸ ਲਈ ਕੀਤਾ ਤਾਂ ਕਿ ਉਹ ਅੱਯੂਬ ਦਾ ਧਿਆਨ ਖਿੱਚ ਸਕੇ, ਇਸ ਦੇ ਨਾਲ ਨਾਲ ਉਸ ਨੂੰ ਮਿੱਤਰਾਂ ਤੋਂ ਵੱਖਰਾ ਕਰ ਸਕੇ। ਇਕ ਸਾਹਿਤਿਕ ਦ੍ਰਿਸ਼ਟੀਕੋਣ ਤੋਂ, ਵਿਲੀਅਮ ਡੀ. ਰੀਬਰਨ ਨੇ ਵੇਖਿਆ ਕਿ ਅੱਯੂਬ ਦੇ ਨਾਮ ਦਾ ਉਪਯੋਗ "ਅਲੀਹੂ ਦੀ ਲੰਬੀ ਗੱਲਬਾਤ ਦਾ ਧਿਆਨ ਕੇਂਦਰਤ ਕਰਨ ਦੇ ਉਦੇਸ਼ ਨੂੰ ਪੂਰਾ ਕਰਦਾ ਹੈ, ਜੋ ਹੁਣ ਚੁੱਪ ਹੋ ਗਿਆ ਹੈ ਪਰ ਪਾਠਕ ਦੇ ਦਿਮਾਗ ਵਿਚ ਫਿੱਕਾ ਨਹੀਂ ਹੋਣਾ ਚਾਹੀਦਾ।"[3]

ਅਲੀਹੂ ਨੇ ਅੱਯੂਬ ਦੇ ਅੱਗੇ ਅਪੀਲ ਕੀਤੀ ਕਿ ਉਹ ਉਸ ਦੇ ਉਪਦੇਸ਼ ਨੂੰ "ਸੁਣੇ" (32:10)। ਕਿਰਿਆ "ਸੁਣ" (אָזַן, *ਅਜ਼ਨ)* "ਨਾਂਵ" "ਕੰਨ" (אֹזֶן, *ਓਜ਼ੇਨ)* ਨਾਲ ਸੰਬੰਧਤ ਹੈ।[4]

ਆਇਤਾਂ 2, 3. ਵੇਖ, ਮੈਂ ਆਪਣਾ ਮੂੰਹ ਖੋਲ੍ਹਿਆ ਹੈ, ਮੇਰੀ ਜੀਭ ਮੇਰੇ ਮੂੰਹ ਵਿਚ ਬੋਲਦੀ ਹੈ, ਮੇਰਾ ਕੂਣਾ ਮੇਰੇ ਦਿਲ ਦੀ ਸਿਧਿਆਈ ਨੂੰ ਦੱਸੂਗਾ, ਅਤੇ ਮੇਰੇ ਬੁੱਲ੍ਹਾਂ ਦੇ ਗਿਆਨ ਨੂੰ ਓਹ ਸਫ਼ਾਈ ਨਾਲ ਬੋਲਣਗੇ। ਹਾਲਾਂਕਿ ਇਹ ਸ਼ਬਦ ਝੂਠੇ ਲੱਗ ਸਕਦੇ ਹਨ, ਪਰ ਇਹ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਅਲੀਹੂ ਉਤਸੁਕ ਨੌਜਵਾਨ ਸੀ ਜਿਸ ਨੇ ਘੱਟੋ-ਘੱਟ ਪਰਮੇਸ਼ੁਰ ਦੇ ਪ੍ਰਤੀ ਇਕ ਗਹਿਰੇ ਆਦਰ ਨੂੰ ਦਿਖਾਇਆ (ਵੇਖੋ 32:8, 22)। ਰੌਬਰਟ ਐੱਲ. ਐਲਡਨ ਨੇ ਟਿੱਪਣੀ ਕੀਤੀ ਕਿ "ਅੱਯੂਬ ਨੇ ਖੁਦ ਖਰਿਆਈ ਦੇ ਦਾਅਵੇ ਕੀਤੇ ਸਨ (6:28; 27:4)।"[5]

ਆਇਤ 4. ਪਰਮੇਸ਼ੁਰ ਦੇ ਆਤਮਾ ਨੇ ਮੈਨੂੰ ਸਾਜਿਆ, ਸਰਬ ਸ਼ਕਤੀਮਾਨ ਦੇ ਸਾਹ ਨੇ ਮੈਨੂੰ ਜੀਉਂਦਿਆਂ ਕੀਤਾ। ਆਇਤ 4 ਅਤੇ 6 ਦੀ ਭਾਸ਼ਾ ਉਤਪਤ 2:7 ਦੀ ਯਾਦ ਦਿਵਾਉਂਦੀ ਹੈ: "ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ।" ਆਪਣੀ ਘੋਸ਼ਣਾ ਤੋਂ, ਅਲੀਹੂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਉਸ ਨੇ ਅੱਯੂਬ ਦੇ ਨਾਲ ਆਪਣੀ ਸਮਾਨਤਾ ਸਾਂਝੀ ਕੀਤੀ ਹੈ। ਅਲੀਹੂ ਭਾਵੇਂ ਜਵਾਨ ਸੀ, ਪਰ ਉਸ ਦੇ ਸ਼ਬਦ ਅੱਯੂਬ ਦੇ ਧਿਆਨ ਦੇਣ ਦੇ ਯੋਗ ਹੈ।

ਆਇਤ 5. ਇਸ ਆਇਤ ਵਿਚ ਤਿੰਨ ਬਹੁਤ ਜ਼ਰੂਰੀ (ਹੁਕਮ) ਸਾਹਮਣੇ ਆਉਂਦੇ ਹਨ। **ਜੇ ਤੂੰ ਉੱਤਰ ਦੇ ਸਕਦਾ ਹੈਂ ਤਾਂ ਦੇਹ।** "ਖੰਡਨ" ਕਿਰਿਆ שׁוּב *(ਸ਼ੁਬ)* ਦਾ ਅਨੁਵਾਦ ਕਰਦਾ ਹੈ ਜਿਸ ਦਾ ਅਰਥ ਆਮ ਤੌਰ ਤੇ "ਮੁੜ" ਹੁੰਦਾ ਹੈ। ਅਲੀਹੂ ਨੇ ਅੱਯੂਬ ਨੂੰ ਚਿਤਾਵਨੀ ਦਿੱਤੀ ਕਿ ਉਹ ਉਸ ਦੇ ਤਰਕਾਂ ਦਾ ਜਵਾਬ ਦੇਵੇ ਤਾਂ ਕਿ ਉਸ ਨੂੰ ਨਕਾਰਿਆ ਜਾਂ ਹਰਾਇਆ ਜਾ ਸਕੇ। **ਮੇਰੇ ਸਨਮੁਖ ਬਣ ਸਜ।** "ਆਪਣੇ ਆਪ" ਇਬਰਾਨੀ ਲਿਖਤ ਵਿਚ ਨਹੀਂ ਹੈ ਅਤੇ ਸਥਾਨ ਤੋਂ ਬਾਹਰ ਲੱਗਦਾ ਹੈ ਕਿਉਂਕਿ ਅਲੀਹੂ ਸਿਰਫ ਅੱਯੂਬ ਨੂੰ ਸੰਬੋਧਤ ਕਰ ਰਿਹਾ ਹੈ। NIV ਬਾਈਬਲ ਵਿਚ "*ਆਪਣੇ ਆਪ ਨੂੰ* ਤਿਆਰ ਕਰ," ਹੈ ਜਦ ਕਿ NRSV ਅਨੁਵਾਦ ਕਹਿੰਦਾ ਹੈ "*ਆਪਣੇ ਸ਼ਬਦਾਂ* ਨੂੰ ਕ੍ਰਮ ਵਿਚ ਸੈੱਟ ਕਰੋ" (ਜ਼ੋਰ ਦਿੱਤਾ ਗਿਆ ਹੈ)। ਇਸ ਸੰਦਰਭ ਵਿਚ, ਸ਼ਬਦ "ਬਣ ਸਜ" (עָרַךְ, *ਅਰਕ)* ਦਾ ਅਰਥ ਹੈ "ਸਜਾਉਣਾ ਜਾਂ ਕ੍ਰਮ"[6] ਇਕ ਵਕੀਲ ਦੀ ਤਰ੍ਹਾਂ ਦਲੀਲਾਂ ਦੇਣੀਆਂ (32:14 ਤੇ ਟਿੱਪਣੀਆਂ ਵੇਖੋ)। **ਕਾਇਮ ਹੋ ਜਾਹ।** ਅਲੀਹੂ ਨੇ ਅੱਯੂਬ ਨੂੰ ਆਪਣੇ ਸਥਾਨ ਨੂੰ ਕਾਇਮ ਰੱਖਣ ਅਤੇ ਸਥਿਰ ਰਹਿਣ ਲਈ ਕਿਹਾ।

ਆਇਤ 6. ਵੇਖ, ਮੈਂ ਪਰਮੇਸ਼ੁਰ ਲਈ ਤੇਰੇ ਜਿਹਾ ਹਾਂ, ਮੈਂ ਵੀ ਗਾਰੇ ਦੇ ਇਕ ਥੋਬੇ ਦਾ ਬਣਿਆ ਹੋਇਆ ਹਾਂ। ਸ੍ਰਿਸ਼ਟੀ ਬਾਰੇ ਉਤਪਤ ਦੇ ਵਿਰਤਾਂਤ ਦਾ ਸੰਕੇਤ ਦਿੰਦਿਆਂ, ਅਲੀਹੂ ਨੇ ਫਿਰ ਤੋਂ ਅੱਯੂਬ ਨੂੰ ਯਾਦ ਦਿਵਾਇਆ ਕਿ ਪਰਮੇਸ਼ੁਰ ਦੀ ਨਜ਼ਰ ਦੇ ਵਿਚ ਉਹ ਦੋਵੇਂ ਸਮਾਨ

ਸਨ। TEV ਬਾਈਬਲ ਵਿਚ ਹੈ "ਪਰਮੇਸ਼ੁਰ ਦੀ ਦ੍ਰਿਸ਼ਟੀ ਵਿਚ ਤੂੰ ਅਤੇ ਮੈਂ ਸਮਾਨ ਹਾਂ।" "ਰਚਿਆ ਗਿਆ" ਇਬਰਾਨੀ ਸ਼ਬਦ קָרַץ *(ਕਾਰਾਟਸ)* ਤੋਂ ਹੈ ਅਤੇ ਹੋਰ ਵਧੇਰੇ ਸ਼ਾਬਦਿਕ ਤੌਰ ਤੇ ਇਸ ਦਾ ਅਨੁਵਾਦ "ਕੱਟਿਆ" ਜਾਂ "ਚੂੰਡੀ ਭੋਰਨਾ" ਕੀਤਾ ਜਾ ਸਕਦਾ ਹੈ।[7] ਤਸਵੀਰ ਇਕ ਘੁਮਿਆਰ ਦੀ ਹੈ ਜੋ ਇਕ ਚੀਜ਼ ਬਣਾਉਣ ਦੇ ਲਈ ਮਿੱਟੀ ਨੂੰ ਸਵਾਰਦਾ ਹੈ। ਇਹ ਭਾਸ਼ਾ ਥੋਬੇ ਵਿਚੋਂ ਇਕ ਮਿੱਟੀ ਟੁਕੜੇ ਨੂੰ ਤੋੜ ਲੈਣ ਨੂੰ ਜਾਂ "ਪਿੰਚ ਪਾੱਟ" ਤਕਨੀਕ ਦਾ ਵਰਣਨ ਕਰ ਸਕਦੀ ਹੈ। ਪਵਿੱਤਰ ਬਾਈਬਲ ਵਿਚ ਕਈ ਹੋਰ ਸਥਾਨਾਂ ਤੇ ਪਰਮੇਸ਼ੁਰ ਦੀ ਤੁਲਨਾ ਇਕ ਘੁਮਿਆਰ ਦੇ ਨਾਲ ਕੀਤੀ ਗਈ ਹੈ, ਜਦ ਕਿ ਮਨੁੱਖ ਮਿੱਟੀ ਦੇ ਭਾਂਡੇ ਹਨ ਜੋ ਉਸ ਨੇ ਬਣਾਏ ਹਨ (ਯਸਾਯਾਹ 29:16; 45:9; 64:8; ਯਿਰਮਿਯਾਹ 18:6; ਰੋਮੀਆਂ 9:20, 21)।

ਆਇਤ 7. ਕਿਉਂਕਿ ਅਲੀਹੂ ਅੱਯੂਬ ਵਰਗਾ ਹੀ ਇਕ ਨਾਸ਼ਵਾਨ ਮਨੁੱਖ ਸੀ, ਉਸ ਦਾ ਰੂਪ ਵੀ ਮਿੱਟੀ ਤੋਂ ਹੀ ਤਿਆਰ ਕੀਤਾ ਗਿਆ ਸੀ, ਇਸ ਲਈ ਅੱਯੂਬ ਨੂੰ ਉਸ ਤੋਂ ਡਰਨ ਦੀ ਕੋਈ ਲੋੜ ਨਹੀਂ ਸੀ। ਅੱਯੂਬ ਨੇ ਪਹਿਲਾਂ ਤੋਂ ਹੀ ਪਰਮੇਸ਼ੁਰ ਦੇ ਪ੍ਰਤੀ ਆਪਣੇ ਡਰ ਨੂੰ ਪਰਗਟ ਕੀਤਾ ਸੀ: "ਉਹ ਆਪਣੀ ਸੋਟੀ ਮੇਰੇ ਉੱਤੋਂ ਹਟਾ ਲਵੇ, ਅਤੇ ਉਹ ਦਾ ਹੌਲ ਮੈਨੂੰ ਨਾ ਡਰਾਵੇ" (9:34); "ਤੂੰ ਆਪਣਾ ਹੱਥ ਮੇਰੇ ਉੱਤੋਂ ਦੂਰ ਕਰ ਲੈ, ਅਤੇ ਤੇਰਾ ਭੈ ਮੈਨੂੰ ਨਾ ਡਰਾਵੇ" (13:21); ਅਤੇ "ਕਿਉਂ ਜੋ ਪਰਮੇਸ਼ੁਰ ਵੱਲੋਂ ਬਿਪਤਾ ਮੈਨੂੰ ਡਰਾਉਂਦੀ ਸੀ, ਅਤੇ ਉਹ ਦੇ ਪਰਤਾਪ ਦੇ ਕਾਰਨ ਮੈਂ ਕੁਝ ਨਹੀਂ ਕਰ ਸੱਕਦਾ ਸਾਂ" (31:23)। ਅਲੀਹੂ ਨੇ ਅੱਯੂਬ ਨੂੰ ਇਸ ਗੱਲ ਦਾ ਯਕੀਨ ਦਿਵਾਉਂਦੇ ਹੋਏ ਕਿ ਉਨ੍ਹਾਂ ਦੀ ਬਹਿਸ ਨਿਰਪੱਖ ਅਤੇ ਡਰਾਵੇ ਤੋਂ ਰਹਿਤ ਹੋਵੇਗੀ, ਇਕ ਦਿਲਾਸੇ ਦੀ ਗੱਲ ਕਹੀ। ਨਿਸ਼ਚਤ ਤੌਰ ਤੇ ਉਹ ਆਪਣੇ ਆਪ ਨੂੰ ਆਪਣੇ ਮਿੱਤਰਾਂ ਤੋਂ ਵਧੇਰੇ ਯੋਗ ਵਿਰੋਧੀ ਸਮਝਦਾ ਸੀ।

ਪਰਮੇਸ਼ੁਰ ਦੇ ਵਿਰੁੱਧ ਅੱਯੂਬ ਦੇ ਦੋਸ਼ਾਂ ਬਾਰੇ ਦੁਬਾਰਾ ਬੋਲਣਾ (33:8-12)

[8]ਸੱਚ ਮੁੱਚ ਤੈਂ ਮੇਰੇ ਕੰਨਾਂ ਵਿੱਚ ਆਖਿਆ ਹੈ, ਤੇਰੇ ਬੋਲਣ ਦੀ ਅਵਾਜ਼ ਮੈਂ ਸੁਣੀ ਹੈ, [9]ਭਈ ਮੈਂ ਸਾਫ਼ ਅਤੇ ਨਿਰਅਪਰਾਧ ਹਾਂ, ਮੈਂ ਪਾਕ ਤੇ ਨਿਰਦੋਸ਼ ਹਾਂ। [10]ਵੇਖ , ਉਹ ਮੇਰੇ ਵਿਰੁੱਧ ਵੇਲਾ ਲੱਭਦਾ ਹੈ, ਉਹ ਮੈਨੂੰ ਆਪਣਾ ਵੈਰੀ ਗਿਣਦਾ ਹੈ। [11]ਉਹ ਮੇਰੇ ਪੈਰਾਂ ਨੂੰ ਕਾਠ ਵਿੱਚ ਠੋਕ ਦਿੰਦਾ ਹੈ, ਉਹ ਮੇਰੇ ਸਾਰੇ ਰਾਹਾਂ ਨੂੰ ਤੱਕਦਾ ਰਹਿੰਦਾ ਹੈ।' [12]ਵੇਖ, ਮੈਂ ਤੈਨੂੰ ਉੱਤਰ ਦਿੰਦਾ ਹਾਂ, ਤੂੰ ਏਸ ਵਿੱਚ ਧਰਮੀ ਨਹੀਂ, ਕਿਉਂ ਜੋ ਪਰਮੇਸ਼ੁਰ ਮਨੁੱਖ ਨਾਲੋਂ ਵੱਡਾ ਹੈ।

ਆਇਤ 8. ਅਲੀਹੂ ਨੇ ਪਹਿਲਾਂ ਇਹ ਸੰਕੇਤ ਦਿੱਤਾ ਸੀ ਕਿ ਉਸ ਨੇ ਧੀਰਜ ਨਾਲ ਅੱਯੂਬ ਅਤੇ ਤਿੰਨਾਂ ਮਿੱਤਰਾਂ ਦੀਆਂ ਗੱਲਾਂ ਨੂੰ ਸੁਣਿਆ ਸੀ (32:11, 12)। ਪਰ ਹੁਣ, ਉਸ ਨੇ ਪੂਰੀ ਤਰ੍ਹਾਂ ਦੇ ਨਾਲ ਅੱਯੂਬ ਦੇ **ਬੋਲਣ ਦੀ ਅਵਾਜ਼** ਤੇ ਧਿਆਨ ਕੇਂਦ੍ਰਿਤ ਕੀਤਾ।

ਆਇਤ 9. ਅਲੀਹੂ ਨੇ ਅਖੀਰ ਵਿਚ ਅੱਯੂਬ ਦੀਆਂ ਦਲੀਲਾਂ ਦਾ ਖੰਡਨ ਕਰਨ ਲਈ ਉਨ੍ਹਾਂ ਦੀ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। **ਮੈਂ ਸਾਫ਼ ਅਤੇ ਨਿਰਅਪਰਾਧ ਹਾਂ, ਮੈਂ ਪਾਕ ਤੇ ਨਿਰਦੋਸ਼ ਹਾਂ।** ਅੱਯੂਬ ਨੇ ਆਪਣੇ ਪ੍ਰਸ਼ਨ ਵਿਚ ਪਾਪ ਤੋਂ ਇਨਕਾਰ ਕੀਤਾ ਸੀ, "ਮੇਰੀਆਂ ਬੁਰਿਆਈਆਂ ਤੇ ਪਾਪ ਕਿੰਨੇ ਹਨ? ਮੇਰਾ ਅਪਰਾਧ ਅਤੇ ਮੇਰਾ ਪਾਪ ਮੈਨੂੰ ਦੱਸ" (13:23)। ਮਾਰਵਿਨ ਐੱਚ. ਪੋਪ ਨੇ ਟਿੱਪਣੀ ਕੀਤੀ,

> ਅਲੀਹੂ ਦੇ ਹਵਾਲੇ ਕਾਫ਼ੀ ਹੱਦ ਤੱਕ ਸਹੀ ਹਨ, ਪਰ ਇੱਥੇ ਇਕ ਅਨੁਚਿਤ ਪੇਚ ਹੈ। ਅੱਯੂਬ ਨੇ ਮਾਮੂਲੀ ਮਨੁੱਖੀ ਅਸਫਲਤਾਵਾਂ ਨੂੰ ਸਵੀਕਾਰ ਕੀਤਾ ਹੈ [7:21; 13:26]। ਅੱਯੂਬ ਦੀ

ਸ਼ਿਕਾਇਤ ਦਾ ਮੁੱਖ ਮੁੱਦਾ ਇਹ ਸੀ ਕਿ ਅੱਯੂਬ ਨੇ ਕਦੀ ਵੀ ਅਜਿਹੇ ਗੰਭੀਰ ਪਾਪ ਨਹੀਂ ਕੀਤੇ ਜੋ ਅਜਿਹੀ ਸਖ਼ਤ ਸਜ਼ਾ ਦੇ ਯੋਗ ਹੋਣ।[8]

ਆਇਤ 10. ਵੇਖ, ਉਹ ਮੇਰੇ ਵਿਰੁੱਧ ਵੇਲਾ ਲੱਭਦਾ ਹੈ, ਉਹ ਮੈਨੂੰ ਆਪਣਾ ਵੈਰੀ ਗਿਣਦਾ ਹੈ। ਅੱਯੂਬ ਨੇ ਪਰਮੇਸ਼ੁਰ ਕੋਲੋਂ ਪੁੱਛਿਆ ਸੀ, "ਤੂੰ ਕਿਉਂ ਆਪਣਾ ਮੂੰਹ ਲੁਕਾਉਂਦਾ ਹੈਂ, ਅਤੇ ਮੈਨੂੰ ਆਪਣਾ ਵੈਰੀ ਗਿਣਦਾ ਹੈਂ?" (13:24)। ਇਸ ਤੋਂ ਇਲਾਵਾ, ਉਸ ਨੇ ਦੋਸ਼ ਲਾਇਆ ਸੀ ਕਿ ਪਰਮੇਸ਼ੁਰ ਨੇ "ਆਪਣੇ ਕ੍ਰੋਧ ਨੂੰ [ਉਸ ਦੇ] ਉੱਤੇ ਭੜਕਾਇਆ ਹੈ, ਅਤੇ [ਉਸ ਨੂੰ] ਆਪਣੇ ਵਿਰੋਧੀਆਂ ਵਿੱਚ ਗਿਣ ਲਿਆ ਹੈ!" (19:11)। ਅੱਯੂਬ ਨੇ ਕਿਤੇ ਵੀ ਸਪੱਸ਼ਟ ਤੌਰ ਤੇ ਇਹ ਨਹੀਂ ਕਿਹਾ ਕਿ ਪਰਮੇਸ਼ੁਰ "ਬਹਾਨੇ ਲਗਾਉਂਦਾ ਹੈ," ਪਰ ਇਹ ਭਾਸ਼ਾ ਕੁਝ ਹੱਦ ਤੱਕ 10:13-17 ਵਿਚ ਮਿਲੀ ਸ਼ਿਕਾਇਤ ਨਾਲ ਮੇਲ ਖਾਂਦੀ ਹੈ।

ਆਇਤ 11. ਉਹ ਮੇਰੇ ਪੈਰਾਂ ਨੂੰ ਕਾਠ ਵਿਚ ਠੋਕ ਦਿੰਦਾ ਹੈ, ਉਹ ਮੇਰੇ ਸਾਰੇ ਰਾਹਾਂ ਨੂੰ ਤੱਕਦਾ ਰਹਿੰਦਾ ਹੈ। ਇਹ ਕਥਨ ਅੱਯੂਬ ਦਾ ਇਕ ਹਵਾਲਾ ਹੈ: "ਤੂੰ ਮੇਰੇ ਪੈਰਾਂ ਨੂੰ ਕਾਠ ਵਿੱਚ ਠੋਕਦਾ ਹੈਂ, ਅਤੇ ਮੇਰੇ ਸਾਰੇ ਰਾਹਾਂ ਦੀ ਨਿਗਾਹਬਾਨੀ ਕਰਦਾ ਹੈਂ" (13:27)। ਅੱਯੂਬ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹ ਇਕ ਕੈਦੀ ਦੇ ਵਾਂਗ ਫਸਿਆ ਹੋਵੇ ਅਤੇ ਉਸ ਨੂੰ ਕੋਈ ਰਾਹਤ ਨਹੀਂ ਸੀ।

ਆਇਤ 12. ਅਲੀਹੂ ਨੇ ਇਸ ਗੱਲ ਦਾ ਇਨਕਾਰ ਕੀਤਾ ਕਿ ਜੋ ਕੁਝ ਅੱਯੂਬ ਨੇ ਕਿਹਾ ਸੀ ਉਸ ਦੇ ਵਿਚ ਉਹ **ਧਰਮੀ** ਸੀ। ਹਾਰਟਲੀ ਨੇ ਸਮਝਾਇਆ, "ਅਲੀਹੂ ਅਤੇ ਮਿੱਤਰਾਂ ਵਿਚਲਾ ਫਰਕ ਇਸ ਹਵਾਲੇ ਤੋਂ ਸਪੱਸ਼ਟ ਹੁੰਦਾ ਹੈ: ਉਹ ਦਲੀਲ ਦੇਵੇਗਾ ਕਿ ਅੱਯੂਬ ਪਰਮੇਸ਼ੁਰ ਦੇ ਵਿਰੁੱਧ ਬੋਲੀਆਂ ਹੋਈਆਂ ਸ਼ਿਕਾਇਤਾਂ ਦੇ ਕਾਰਨ ਗਲਤ ਹੈ, ਨਾ ਕਿ ਬੀਤੇ ਸਮੇਂ ਵਿਚ ਉਸ ਦੇ ਦੁਆਰਾ ਕੀਤੇ ਹੋਏ ਕੁਝ ਗੁਪਤ ਪਾਪਾਂ ਦੇ ਲਈ।"[9] ਕਿਉਂਕਿ **ਪਰਮੇਸ਼ੁਰ ਮਨੁੱਖ ਨਾਲੋਂ ਵੱਡਾ ਹੈ**, ਇਸ ਲਈ ਮਨੁੱਖ ਉਸ ਦੇ ਰਾਹਾਂ ਅਤੇ ਵਿਚਾਰਾਂ ਨੂੰ ਸਮਝਣ ਦੀ ਕਲਪਨਾ ਨਹੀਂ ਕਰ ਸਕਦਾ ਹੈ।

"ਪਰਮੇਸ਼ੁਰ ਦਰਸ਼ਣਾਂ ਅਤੇ ਸੁਫ਼ਨਿਆਂ ਰਾਹੀਂ ਗੱਲ ਕਰਦਾ ਹੈ" (33:13-18)

13ਤੂੰ ਕਿਉਂ ਉਹ ਦੇ ਵਿਰੁੱਧ ਝਗੜਦਾ ਹੈਂ? ਉਹ ਤਾਂ ਆਪਣੀ ਕਿਸੇ ਗੱਲ ਦਾ ਉੱਤਰ ਨਹੀਂ ਦਿੰਦਾ। 14ਕਿਉਂ ਜੋ ਪਰਮੇਸ਼ੁਰ ਇੱਕ ਵਾਰ ਬੋਲਦਾ ਹੈ, ਸਗੋਂ ਦੋ ਵਾਰ ਪਰ ਉਹ ਉਹ ਦੀ ਪਰਵਾਹ ਨਹੀਂ ਕਰਦਾ। 15ਸੁਫ਼ਨੇ ਵਿੱਚ ਰਾਤ ਦੀ ਦਰਿਸ਼ਟੀ ਵਿੱਚ, ਜਦ ਭਾਰੀ ਨੀਂਦ ਮਨੁੱਖਾਂ ਉੱਤੇ ਆ ਪੈਂਦੀ ਹੈ, ਅਤੇ ਜਦ ਓਹ ਆਪਣਿਆਂ ਬਿਸਤਰਿਆਂ ਉੱਤੇ ਸੌਂਦੇ ਹਨ, 16ਤਦ ਉਹ ਮਨੁੱਖਾਂ ਦੇ ਕੰਨ ਖੋਲ੍ਹਦਾ ਹੈ, ਅਤੇ ਉਨ੍ਹਾਂ ਦੀ ਸਿੱਖਿਆ ਉੱਤੇ ਮੋਹਰ ਲਾ ਦਿੰਦਾ ਹੈ, 17ਭਈ ਆਦਮੀ ਨੂੰ ਉਸਦੇ ਕੰਮਾਂ ਤੋਂ ਰੋਕੇ, ਅਤੇ ਮਰਦ ਤੋਂ ਹੰਕਾਰ ਨੂੰ ਲੁਕਾਵੇ। 18ਉਹ ਉਸ ਦੀ ਜਾਨ ਨੂੰ ਟੋਏ ਤੋਂ ਰੋਕੀ ਰੱਖਦਾ ਹੈ, ਅਤੇ ਉਸ ਦੀ ਹਯਾਤੀ ਨੂੰ ਤਲਵਾਰ ਨਾਲ ਨਾਸ ਹੋਣ ਤੋਂ।

ਆਇਤ 13. ਤੂੰ ਕਿਉਂ ਉਹ ਦੇ ਵਿਰੁੱਧ ਝਗੜਦਾ ਹੈਂ? ਉਹ ਤਾਂ ਆਪਣੀ ਕਿਸੇ ਗੱਲ ਦਾ ਉੱਤਰ ਨਹੀਂ ਦਿੰਦਾ। ਇਕ ਕਾਨੂੰਨੀ ਮੁਕੱਦਮੇ ਦੇ ਵਾਂਗ ਕਿਰਿਆ "ਝਗੜਦਾ" (רִיב, *ਰਿਬ)* ਦਾ ਅਨੁਵਾਦ "ਵਿਵਾਦ" ਜਾਂ "ਲੜਨਾ" ਵੀ ਕੀਤਾ ਜਾ ਸਕਦਾ ਹੈ (9:3 ਤੇ ਟਿੱਪਣੀਆਂ ਵੇਖੋ)। ਹਾਰਟਲੀ ਨੇ ਸਿੱਟਾ ਕੱਢਿਆ, "ਅਲੀਹੂ ਦੇ ਵਿਚਾਰ ਵਿਚ ਪਰਮੇਸ਼ੁਰ ਦੇ ਨਾਲ ਲੜਨਾ ਇਕ ਬਹੁਤ ਹੀ ਹੰਕਾਰ ਨਾਲ ਭਰਿਆ ਹੋਇਆ ਪਾਪ ਹੈ।"[10]

NASB ਬਾਈਬਲ ਵਿਚ ਦੂਜੀ ਪੰਗਤੀ ਦੀ ਪੇਸ਼ਕਾਰੀ ਕਹਿੰਦੀ ਹੈ ਕਿ ਪਰਮੇਸ਼ੁਰ ਆਪਣੇ ਕੀਤੇ ਕੰਮਾਂ ਦੇ ਲਈ ਮਨੁੱਖ ਦੇ ਸਾਹਮਣੇ ਜਵਾਬਦੇਹ ਨਹੀਂ ਹੈ। ਇਬਰਾਨੀ ਲਿਖਤ ਦਾ ਅਨੁਵਾਦ ਇਹ ਵੀ ਕੀਤਾ ਜਾ ਸਕਦਾ ਹੈ "ਉਹ ਉਸ ਦੀਆਂ [ਮਨੁੱਖ ਦੀਆਂ] ਸਾਰੀਆਂ ਗੱਲਾਂ ਦਾ ਉੱਤਰ ਨਹੀਂ ਦੇਵੇਗਾ" (ਵੇਖੋ TEV; NIV; NJPSV) - ਅਰਥਾਤ, ਪਰਮੇਸ਼ੁਰ ਮਨੁੱਖ ਦੇ ਸਾਰੇ ਪ੍ਰਸ਼ਨਾਂ ਜਾਂ ਦੋਸ਼ਾਂ ਦਾ ਉੱਤਰ ਨਹੀਂ ਦੇਵੇਗਾ। ਅੱਯੂਬ ਨੇ ਅਕਸਰ ਆਪਣੀ ਨਿਰਾਸ਼ਾ ਵਿਅਕਤ ਕੀਤੀ ਸੀ ਕਿ ਪਰਮੇਸ਼ੁਰ ਛੁਪਿਆ ਅਤੇ ਚੁੱਪ ਰਹਿੰਦਾ ਹੈ, ਨਾ ਹੀ ਉਸ ਨੂੰ ਉਸ ਦੇ ਦੁੱਖ ਦੇ ਲਈ ਸਪੱਸ਼ਟੀਕਰਨ ਪ੍ਰਦਾਨ ਕਰਦਾ ਹੈ (19:7; 23:3, 8, 9; 30:20; 31:35)।

ਆਇਤ 14. ਅਲੀਹੂ ਨੇ ਅੱਯੂਬ ਦੇ ਵਿਚਾਰ ਨੂੰ ਖਾਰਜ ਕਰ ਦਿੱਤਾ ਕਿ ਪਰਮੇਸ਼ੁਰ ਚੁੱਪ ਰਹਿੰਦਾ ਹੈ। ਉਸ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ **ਦੋ ਵਾਰ ਬੋਲਦਾ ਹੈ**, ਹਾਲਾਂਕਿ ਉਸ ਦੇ ਸੰਦੇਸ਼ਾਂ ਨੂੰ ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। **ਇੱਕ ਵਾਰ, ਸਗੋਂ ਦੋ ਵਾਰ** ਵਾਕ ਦੇ ਵਿਸ਼ੇ ਵਿਚ, ਰੀਬਰਨ ਨੇ ਕਿਹਾ, "ਅਲੀਹੂ ਇੱਥੇ ਇਕ ਆਮ ਕਾਵਿ-ਯੰਤਰ ਦੀ ਵਰਤੋਂ ਕਰ ਰਿਹਾ ਹੈ ਜਿਸ ਵਿਚ ਦੋ ਸੰਖਿਆਵਾਂ ਵਿੱਚੋਂ ਦੂਸਰਾ ਹਮੇਸ਼ਾ ਪਹਿਲੇ ਨਾਲੋਂ ਵੱਡਾ ਹੁੰਦਾ ਹੈ। ਜਿਵੇਂ TEV ਅਨੁਵਾਦ ਕਹਿੰਦਾ ਹੈ, ਇਸ ਯੰਤਰ ਨੂੰ ਇੱਕੋ ਗੱਲ ਦੇ ਬਾਰ ਬਾਰ ਹੋਣ ਜਾਂ 'ਬਾਰ-ਬਾਰ ਹੋਣ' ਦੇ ਵਿਚਾਰ ਨੂੰ ਪਰਗਟ ਕਰਨ ਦੇ ਲਈ ਵਰਤਿਆ ਗਿਆ ਹੈ।"[11]

ਆਇਤ 15. ਇਸ ਬਿੰਦੂ ਤੇ, ਅਲੀਹੂ ਨੇ ਪਰਮੇਸ਼ੁਰ ਦੁਆਰਾ ਮਨੁੱਖਤਾ ਨੂੰ ਆਪਣੀ ਇੱਛਾ ਦੱਸਣ ਦੇ ਲਈ ਵਰਤੇ ਜਾਣ ਵਾਲੇ ਕੁਝ ਤਰੀਕਿਆਂ ਬਾਰੇ ਵਿਚਾਰ-ਵਟਾਂਦਰਾ ਸ਼ੁਰੂ ਕੀਤਾ। **ਸੁਫ਼ਨੇ ਵਿੱਚ ਰਾਤ ਦੀ ਦਰਿਸ਼ਟੀ ਵਿਚ, ਜਦ ਭਾਰੀ ਨੀਂਦ ਮਨੁੱਖਾਂ ਉੱਤੇ ਆ ਪੈਂਦੀ ਹੈ, ਅਤੇ ਜਦ ਓਹ ਆਪਣਿਆਂ ਬਿਸਤਰਿਆਂ ਉੱਤੇ ਸੌਂਦੇ ਹਨ।** ਅਲੀਫ਼ਜ਼ ਨੇ ਆਪਣੀ ਪਹਿਲੀ ਗੱਲਬਾਤ ਵਿਚ ਇਸ ਕਿਸਮ ਦਾ ਸੰਚਾਰ ਹਾਸਲ ਕਰਨ ਦਾ ਦਾਅਵਾ ਕੀਤਾ (4:12-17):

> ਇੱਕ ਗੱਲ ਚੋਰੀ ਛੱਪੀ ਮੇਰੇ ਕੋਲ ਪਹੁੰਚਾਈ ਗਈ, ਅਤੇ ਉਹ ਦੀ ਭਿਣਕ ਮੇਰੇ ਕੰਨਾਂ ਵਿੱਚ ਆਈ, ਰਾਤ ਦੀਆਂ ਦ੍ਰਿਸ਼ਟੀਆਂ ਦੀਆਂ ਚਿਤਮਣੀਆਂ ਵਿੱਚ, ਜਦ ਸਾਰੀ ਨੀਂਦ ਇਨਸਾਨ ਉੱਤੇ ਆਉਂਦੀ ਹੈ, ਹੌਲ ਤੇ ਕਾਂਬਾ ਮੇਰੇ ਉੱਤੇ ਆ ਪਏ, ਜਿਨ੍ਹਾਂ ਨੇ ਮੇਰੀਆਂ ਸਾਰੀਆਂ ਹੱਡੀਆਂ ਨੂੰ ਹਿਲਾ ਦਿੱਤਾ! ਇੱਕ ਰੂਹ ਮੇਰੇ ਮੂੰਹ ਅੱਗੋਂ ਦੀ ਲੰਘੀ ਮੇਰੇ ਪਿੰਡੇ ਦੀ ਲੂਈਂ ਖੜੀ ਹੋ ਗਈ! ਉਹ ਖਲੋ ਗਈ ਪਰ ਮੈਂ ਉਹ ਦੀ ਸ਼ਕਲ ਪਛਾਣ ਨਾ ਸੱਕਿਆ, ਕੋਈ ਰੂਪ ਮੇਰੀਆਂ ਅੱਖਾਂ ਦੇ ਅੱਗੇ ਸੀ, ਖ਼ਮੋਸ਼ੀ ਸੀ, ਫੇਰ ਇੱਕ ਅਵਾਜ਼ ਮੈਂ ਸੁਣੀ, - ਕੀ ਮਨੁੱਖ ਪਰਮੇਸ਼ੁਰ ਨਾਲੋਂ ਧਰਮੀ ਹੈ, ਜਾਂ ਪੁਰਖ ਆਪਣੇ ਕਰਤਾਰ ਨਾਲੋਂ ਪਾਕ ਹੈ?

ਅਸਲ ਵਿਚ, ਪਰਮੇਸ਼ੁਰ ਨੇ ਪੁਰਖਿਆਂ ਦੇ ਨਾਲ ਗੱਲਬਾਤ ਕਰਨ ਦੇ ਲਈ ਸੁਫਨਿਆਂ ਦੀ ਵਰਤੋਂ ਕੀਤੀ (ਉਤਪਤ 20:3; 28:11-16; 31:11-13, 24; 37:5-10; 40:5; 41:1-7; 46:2-4)। ਅੱਯੂਬ ਨੇ ਖੁਦ ਸੁਫਨੇ ਅਤੇ ਦਰਸ਼ਨ ਵੇਖੇ ਸਨ ਜਿਨ੍ਹਾਂ ਤੋਂ ਉਹ ਘਬਰਾ ਗਿਆ ਸੀ (7:14)। ਅਲੀਹੂ ਸ਼ਾਇਦ ਅੱਯੂਬ ਨੂੰ ਸੁਝਾਅ ਦੇ ਰਿਹਾ ਹੋਵੇਗਾ ਕਿ ਉਹ ਪਰਮੇਸ਼ੁਰ ਵੱਲੋਂ ਪਰਕਾਸ਼ਾਂ ਦੇ ਰੂਪ ਵਿਚ ਇਨ੍ਹਾਂ ਤਜ਼ਰਬਿਆਂ ਵੱਲ ਧਿਆਨ ਦੇਵੇ।

ਆਇਤ 16. ਤਦ ਉਹ ਮਨੁੱਖਾਂ ਦੇ ਕੰਨ ਖੋਲ੍ਹਦਾ ਹੈ, ਅਤੇ ਉਨ੍ਹਾਂ ਦੀ ਸਿੱਖਿਆ ਉੱਤੇ ਮੋਹਰ ਲਾ ਦਿੰਦਾ ਹੈ। "ਕੰਨ ਖੋਲ੍ਹਦਾ ਹੈ" ਨੂੰ ਹੋਰ ਸ਼ਾਬਦਿਕ ਤੌਰ ਤੇ "ਕੰਨਾਂ ਨੂੰ ਨੰਗਾ ਕਰ ਦਿੰਦਾ ਹੈ" ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਜਦੋਂ ਇਕ ਸੰਦੇਸ਼ ਪਰਗਟ ਹੁੰਦਾ ਹੈ ਤਾਂ ਇਹ ਮੁਹਾਵਰਾ ਅਕਸਰ ਸਾਹਮਣੇ ਆਉਂਦਾ ਹੈ। "ਸਿੱਖਿਆ" ਇਬਰਾਨੀ ਸ਼ਬਦ מוּסָר *(ਮੁਸਾਰ)* ਤੋਂ ਆਇਆ ਹੈ, ਜਿਸ ਦਾ ਅਨੁਵਾਦ "ਤਾੜ" (5:17), "ਝਿੜਕ" (20:3), ਜਾਂ "ਦਬਕਾ"

(ਯਸਾਯਾਹ 26:16; 53:5) ਵੀ ਕੀਤਾ ਜਾ ਸਕਦਾ ਹੈ। ਇਹ ਇਕ ਨੈਤਿਕ ਕਿਸਮ ਦੀ ਹਿਦਾਇਤ ਹੈ,[12] ਅਰਥਾਤ, "ਸਿੱਖਿਆ ਦੇਣ ਵਾਲਾ ਅਨੁਸ਼ਾਸਨ।" ਇਕ "ਮੋਹਰ" ਇਕ ਇਕਰਾਰਨਾਮੇ, ਇਕ ਵਸੀਅਤ, ਜਾਂ ਇਕ ਦਸਤਾਵੇਜ਼ ਦੀ ਪੁਸ਼ਟੀ ਕਰਦੀ ਹੈ ਤਾਂ ਕਿ ਦਸਤਾਵੇਜ਼ ਨੂੰ ਪ੍ਰਮਾਣਿਕ ਸਿੱਧ ਕੀਤਾ ਜਾ ਸਕੇ। ਇਕ ਪੇਪਰ ਰੋਲ ਨੂੰ ਹਮੇਸ਼ਾ ਇਕ ਮੋਮ ਜਾਂ ਮਿੱਟੀ ਦੇ ਨਾਲ ਸੀਲ ਕਰ ਦਿੱਤਾ ਜਾਂਦਾ ਸੀ, ਫਿਰ ਉਸ ਉੱਤੇ ਅੰਗੂਠੀ ਨਾਲ ਮੋਹਰ ਲਗਾ ਦਿੱਤੀ ਜਾਂਦੀ ਸੀ। ਪਰਮੇਸ਼ੁਰ ਦੇ ਸੰਚਾਰਾਂ ਨੂੰ ਇੰਨਾ ਪੱਕਾ ਕਿਹਾ ਜਾਂਦਾ ਹੈ ਜਿਵੇਂ ਕਿ ਉਨ੍ਹਾਂ ਨੇ ਉਸ ਦੇ ਉੱਤੇ ਆਪਣੀ ਮੋਹਰ ਲਗਾ ਦਿੱਤੀ ਹੋਵੇ।

ਆਇਤਾਂ 17, 18. ਆਇਤ 16 ਵਿਚ ਪਰਮੇਸ਼ੁਰ ਦੀ ਸਿੱਖਿਆ ਦਾ ਉਦੇਸ਼ ਆਦਮੀ ਨੂੰ **ਉਸਦੇ ਕੰਮਾਂ ਤੋਂ ਰੋਕੇ** (ਰੋਕਣਾ) ਅਤੇ **ਮਰਦ ਤੋਂ ਹੰਕਾਰ ਨੂੰ ਲੁਕਾਵੇ** (ਲੁਕਾਉਣਾ) ਹੈ। ਕਹਾਉਤਾਂ 16:18 ਕਹਿੰਦੀ ਹੈ, "ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘੁਮੰਡੀ ਰੂਹ ਹੁੰਦੀ ਹੈ।" ਅਲੀਹੂ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ ਦੇ ਰਸਤੇ ਤੇ ਚੱਲਣਾ ਇਕ ਵਿਅਕਤੀ ਦੇ ਜੀਵਨ ਨੂੰ ਲੰਬਾ ਕਰੇਗਾ (ਵੇਖੋ ਕੂਚ 20:12; ਬਿਵਸਥਾ ਸਾਰ 4:40; 5:16, 33; 6:1, 2)। ਇਹ ਉਸ ਨੂੰ ਅਚਨਚੇਤ ਮੌਤ ਤੋਂ ਬਚਾਉਂਦੀ ਹੈ, ਜਿਸ ਨੂੰ **ਟੋਏ** (שַׁחַת, *ਸ਼ਾਚਾਥ)* ਜਾਂ "ਕਬਰ" (NLT) ਦੁਆਰਾ ਦਰਸਾਇਆ ਗਿਆ ਹੈ।

ਟੋਏ ਤੋਂ ਰੋਕੀ ਰੱਖਦਾ ਹੈ ਇਕ ਵਿਵਾਦਪੂਰਨ ਮੁਹਾਵਰੇ ਦਾ ਇਕ ਸੰਭਵ ਅਨੁਵਾਦ ਹੈ। "ਟੋਇਆ" ਸ਼ਬਦ "ਨਦੀ" ਦੀ ਇਕ ਵਿਆਖਿਆ ਹੈ (NEB; NRSV; NLT)। ਕੁਝ ਵਿਦਵਾਨ ਇਬਰਾਨੀ ਸ਼ਬਦ שֶׁלַח *(ਸ਼ੈਲੇਚ)* ਨੂੰ ਇਕ ਲਾਖਣਿਕ ਜਲ-ਮਾਰਗ ਦੇ ਹਵਾਲੇ ਵਜੋਂ ਸਮਝਦੇ ਹਨ ਜੋ ਜ਼ਿੰਦਾ ਲੋਕਾਂ ਦੀ ਧਰਤੀ ਤੋਂ ਮਰੇ ਹੋਏ ਲੋਕਾਂ ਦੀ ਧਰਤੀ ਵੱਲ ਲੈ ਜਾਂਦਾ ਹੈ। ਪਰ, ਇਬਰਾਨੀ ਸ਼ਬਦ *ਸ਼ੈਲੇਚ* ਆਮ ਤੌਰ ਤੇ ਇਕ ਹਥਿਆਰ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਸੰਸਕਰਣ "ਤਲਵਾਰ ਨਾਲ ਨਾਸ ਹੋਣ" (KJV; ASV; RSV; NIV; NKJV; NJPSV) ਦੇ ਮੁਹਾਵਰੇ ਦਾ ਅਨੁਵਾਦ ਕਰਦਾ ਹੈ। ਲਗਭਗ ਇਕ ਸਮਾਨ ਇਬਰਾਨੀ ਸ਼ਬਦ ਨੂੰ NASB ਬਾਈਬਲ ਵਿਚ 36:12 ਵਿਚ "ਤਲਵਾਰ ਨਾਲ ਨਾਸ਼ ਹੋਣਗੇ" ਵਜੋਂ ਦਰਸਾਇਆ ਗਿਆ ਹੈ।

"ਪਰਮੇਸ਼ੁਰ ਤਾੜਨਾ ਦੇ ਰਾਹੀਂ ਗੱਲ ਕਰਦਾ ਹੈ" (33:19-22)

19ਉਹ ਆਪਣੇ ਬਿਸਤਰੇ ਉੱਤੇ ਦਰਦ ਨਾਲ ਦੱਬ ਕੇ ਝੁੱਲਦਾ ਹੈ, ਅਤੇ ਆਪਣੀਆਂ ਹੱਡੀਆਂ ਵਿੱਚ ਨਿੱਤ ਦੀ ਅਣ ਬਣ ਨਾਲ ਵੀ। 20ਉਸ ਦੀ ਹਯਾਤੀ ਰੋਟੀ ਤੋਂ ਸੂਗਦੀ ਹੈ, ਅਤੇ ਉਸ ਦੀ ਜਾਨ ਸੁਆਦਲੇ ਭੋਜਨ ਤੋਂ। 21ਉਸ ਦਾ ਮਾਸ ਬਰਬਾਦ ਹੋ ਜਾਂਦਾ ਹੈ ਅਤੇ ਵਿਖਾਈ ਨਹੀਂ ਦਿੰਦਾ, ਉਸ ਦੀਆਂ ਹੱਡੀਆਂ ਜਿਹੜੀਆਂ ਵਿਖਾਈ ਨਹੀਂ ਸਨ ਦਿੰਦੀਆਂ ਨਿੱਕਲ ਆਉਂਦੀਆਂ ਹਨ। 22ਉਸ ਦੀ ਜਾਨ ਟੋਏ ਦੇ ਨੇੜੇ ਆ ਗਈ ਹੈ, ਅਤੇ ਉਸ ਦੀ ਹਯਾਤੀ ਮੌਤ ਲਿਆਉਣ ਵਾਲਿਆਂ ਦੇ।

ਸੁਫਨਿਆਂ ਅਤੇ ਦਰਸ਼ਨਾਂ ਤੋਂ ਇਲਾਵਾ, ਮਨੁੱਖੀ ਦੁੱਖ ਨੂੰ ਇਕ ਹੋਰ ਤਰੀਕੇ ਨਾਲ ਵੇਖਿਆ ਜਾਂਦਾ ਹੈ, ਜਿਸ ਨਾਲ ਪਰਮੇਸ਼ੁਰ, ਮਨੁੱਖ ਜਾਤੀ ਦੇ ਨਾਲ ਗੱਲਬਾਤ ਕਰਦਾ ਹੈ, ਅਲੀਫ਼ਜ਼ ਨੇ ਪਹਿਲਾਂ ਹੀ ਇਹ ਵਿਚਾਰ ਪੇਸ਼ ਕੀਤਾ ਸੀ ਕਿ ਪਰਮੇਸ਼ੁਰ ਗਲਤ ਲੋਕਾਂ ਨੂੰ ਤਾੜਨਾ ਦੇਣ ਦੇ ਲਈ ਦਰਦ ਦਾ ਇਸਤੇਮਾਲ ਕਰਦਾ ਹੈ (ਵੇਖੋ 5:17-22)। ਪਰ ਹੁਣ, ਅਲੀਹੂ ਨੇ ਦੱਸਿਆ ਕਿ ਬੀਮਾਰੀ ਅਤੇ ਰੋਗ ਨੂੰ ਤਾੜਨਾ ਦੇ ਲਈ ਕਿਵੇਂ ਇਸਤੇਮਾਲ ਕੀਤਾ ਜਾ ਸਕਦਾ ਹੈ। ਜਿਨ੍ਹਾਂ ਨੇ

ਅਲੀਹੂ ਦੇ ਸ਼ਬਦਾਂ ਨੂੰ ਸੁਣਿਆ ਉਨ੍ਹਾਂ ਨੇ ਆਪਣੀ ਕਮਜ਼ੋਰ ਸਥਿਤੀ ਦੇ ਵਿਚ ਜ਼ਰੂਰ ਅੱਯੂਬ ਦੇ ਵਿਸ਼ੇ ਵਿਚ ਸੋਚਿਆ ਹੋਵੇਗਾ। ਇਸ ਪੈਰ੍ਹੇ ਵਿਚ ਦੱਸੀਆਂ ਗਈਆਂ ਸਾਰੀਆਂ ਸ਼ਿਕਾਇਤਾਂ ਅੱਯੂਬ ਦੇ ਰਾਹੀਂ ਇਕ ਵਾਰ ਜਾਂ ਦੂਸਰੀ ਵਾਰ ਬੋਲੀਆਂ ਗਈਆਂ ਹੋਣਗੀਆਂ।

ਆਇਤ 19. ਉਹ ਆਪਣੇ ਬਿਸਤਰੇ ਉੱਤੇ ਦਰਦ ਨਾਲ ਦੱਬ ਕੇ ਝੂੱਲਦਾ ਹੈ, ਅਤੇ ਆਪਣੀਆਂ ਹੱਡੀਆਂ ਵਿਚ ਨਿੱਤ ਦੀ ਅਣ ਬਣ ਨਾਲ ਵੀ। ਇਹ ਭਾਸ਼ਾ 30:17 ਵਿਚ ਅੱਯੂਬ ਦੇ ਵਿਰਲਾਪ ਦੀ ਯਾਦ ਦਿਵਾਉਂਦੀ ਹੈ: "ਰਾਤ ਮੇਰੀਆਂ ਹੱਡੀਆਂ ਨੂੰ ਮੇਰੇ ਅੰਦਰ ਚਿੱਥਦੀ ਹੈ, ਅਤੇ ਮੇਰੀ ਚੁੱਭਣ ਵਾਲੀ ਪੀੜ ਦਮ ਨਹੀਂ ਲੈਂਦੀ।" ਅੱਯੂਬ ਨੇ ਇਹ ਵੀ ਸ਼ਿਕਾਇਤ ਕੀਤੀ ਸੀ ਕਿ ਉਸ ਦੀਆਂ "ਹੱਡੀਆਂ ਤਾਪ ਨਾਲ ਜਲਦੀਆਂ" ਹਨ (30:30)।

ਆਇਤ 20. ਉਸ ਦੀ ਹਯਾਤੀ ਰੋਟੀ ਤੋਂ ਸੂਗਦੀ ਹੈ, ਅਤੇ ਉਸ ਦੀ ਜਾਨ ਸੁਆਦਲੇ ਭੋਜਨ ਤੋਂ। ਰੋਗ ਅਤੇ ਬਿਮਾਰੀ ਅਕਸਰ ਇਕ ਮਨੁੱਖ ਦੀ ਭੁੱਖ ਨੂੰ ਬਰਬਾਦ ਕਰ ਦਿੰਦੇ ਹਨ ਅਤੇ ਉਸ ਦੇ "ਭੋਜਨ" ਦਾ ਸੁਆਦ ਬਦਲ ਦਿੰਦੇ ਹਨ। ਅੱਯੂਬ ਨੇ ਕਿਹਾ ਸੀ, "ਮੇਰੇ ਰੋਟੀ ਖਾਣ ਤੋਂ ਪਹਿਲਾਂ ਮੇਰੇ ਹੌਕੇ ਨਿੱਕਲੇ ਹਨ" (3:24)। ਕਿਸੇ ਹੋਰ ਸਥਾਨ ਤੇ ਉਸ ਨੇ ਆਪਣੇ ਭੋਜਨ ਨੂੰ "ਘਿਣਾਉਣੀ ਰੋਟੀ" ਕਿਹਾ (6:7)।

ਆਇਤ 21. ਉਸ ਦਾ ਮਾਸ ਬਰਬਾਦ ਹੋ ਜਾਂਦਾ ਹੈ ਅਤੇ ਵਿਖਾਈ ਨਹੀਂ ਦਿੰਦਾ, ਉਸ ਦੀਆਂ ਹੱਡੀਆਂ ਜਿਹੜੀਆਂ ਵਿਖਾਈ ਨਹੀਂ ਸਨ ਦਿੰਦੀਆਂ ਨਿੱਕਲ ਆਉਂਦੀਆਂ ਹਨ। ਬੀਮਾਰੀ ਅਤੇ ਕੁਪੋਸ਼ਣ ਦੇ ਨਾਲ ਬਹੁਤ ਜ਼ਿਆਦਾ ਭਾਰ ਘੱਟਦਾ ਹੈ। ਅੱਯੂਬ ਨੇ ਕਿਹਾ, "ਤੈਂ ਮੈਨੂੰ ਘੁੱਟ ਕੇ ਫੜ ਲਿਆ ਹੈ, ਏਹ ਗਵਾਹੀ ਲਈ ਹੈ! ਮੇਰਾ ਮੜੱਪਣ ਮੇਰੇ ਵਿਰੁੱਧ ਉੱਠ ਕੇ ਮੇਰੇ ਮੂੰਹ ਤੇ ਸਾਖੀ ਦਿੰਦਾ ਹੈ" (16:8); ਅਤੇ "ਮੇਰੀਆਂ ਹੱਡੀਆਂ ਮੇਰੀ ਖੱਲ ਅਤੇ ਮੇਰੇ ਮਾਸ ਵਿਚ ਸੁੰਗੜ ਗਈਆਂ ਹਨ, ਅਤੇ ਮੈਂ ਆਪਣੇ ਦੰਦਾਂ ਦੀ ਖੱਲ ਨਾਲ ਬਚ ਗਿਆ" (19:20)।

ਆਇਤ 22. ਉਸ ਦੀ ਜਾਨ ਟੋਏ ਦੇ ਨੇੜੇ ਆ ਗਈ ਹੈ, ਅਤੇ ਉਸ ਦੀ ਹਯਾਤੀ ਮੌਤ ਲਿਆਉਣ ਵਾਲਿਆਂ ਦੇ। ਅੱਯੂਬ ਦੀ ਖਸਤਾ ਹਾਲਤ ਦੇ ਕਾਰਣ, ਉਹ ਮੌਤ ਦੇ ਕੰਢੇ ਤੇ ਪਹੁੰਚ ਰਿਹਾ ਸੀ। ਇਹ ਜਾਪਦਾ ਹੈ ਕਿ ਅਲੀਹੂ ਆਪਣੀ ਸਥਿਤੀ ਨੂੰ ਪਰਮੇਸ਼ੁਰ ਦੇ ਜਾਗਣ ਦੇ ਰੂਪ ਵਿਚ ਸਮਝਦਾ ਸੀ (33:17, 18 ਤੇ ਟਿੱਪਣੀਆਂ ਵੇਖੋ)। "ਮੌਤ ਲਿਆਉਣ ਵਾਲਿਆਂ ਦੇ (ਦਾ)" ਵੱਖ ਵੱਖ ਤੌਰ ਤੇ ਅਨੁਵਾਦ ਕੀਤਾ ਗਿਆ ਹੈ "ਜੱਲਾਦ" (NKJV), "ਵਿਨਾਸ਼ ਕਰਨ ਵਾਲੇ" (KJV), "ਮੌਤ ਦੇ ਅਗਰ ਦੂਤ" (NIV), ਅਤੇ "ਮੌਤ ਦੇ ਸੁਰਗਦੂਤ" (NLT)।

"ਪਰਮੇਸ਼ੁਰ ਦੂਤ ਦੇ ਰਾਹੀਂ ਗੱਲ ਕਰ ਸਕਦਾ ਹੈ" (33:23-28)

[23]ਹੁਣ ਜੇ ਉਸ ਦੇ ਕੋਲ ਕੋਈ ਦੂਤ ਹੋਵੇ, ਹਜ਼ਾਰਾਂ ਵਿੱਚੋਂ ਇੱਕ ਅਰਥ ਕਰਨ ਵਾਲਾ, ਉਹ ਦੱਸੇ ਭਈ ਆਦਮੀ ਦੇ ਲਈ ਠੀਕ ਕੀ ਹੈ। [24]ਤਾਂ ਉਹ ਉਸ ਤੇ ਦਯਾ ਕਰਦਾ ਤੇ ਆਖਦਾ ਹੈ, ਉਸ ਨੂੰ ਟੋਏ ਵਿੱਚ ਪੈਣ ਤੋਂ ਬਚਾ ਲੈ, ਮੈਨੂੰ ਪ੍ਰਾਸਚਿਤ ਮਿਲ ਗਿਆ ਹੈ। [25]ਉਸ ਦਾ ਮਾਸ ਬਾਲਕ ਨਾਲੋਂ ਵਧੀਕ ਹਰਿਆ ਭਰਿਆ ਹੋ ਜਾਊਗਾ, ਉਹ ਆਪਣੀ ਜੁਆਨੀ ਵੱਲ ਮੁੜ ਆਊਗਾ। [26]ਉਹ ਪਰਮੇਸ਼ੁਰ ਅੱਗੇ ਅਰਦਾਸ ਕਰੂਗਾ ਅਤੇ ਉਹ ਉਸ ਨੂੰ ਕਬੂਲ ਕਰੂਗਾ, ਉਹ ਖ਼ੁਸ਼ੀ ਨਾਲ ਉਹ ਦਾ ਮੂੰਹ ਵੇਖੇਗਾ, ਉਹ ਮਨੁੱਖ ਲਈ ਉਸ ਦਾ ਧਰਮ ਫੇਰ ਮੋੜ ਦੇਊਗਾ। [27]ਉਹ ਮਨੁੱਖਾਂ ਦੇ ਅੱਗੇ ਗਾਉਣ ਲੱਗਦਾ ਅਤੇ ਕਹਿਣ ਲੱਗਦਾ ਹੈ, - ਮੈਂ ਪਾਪ ਕੀਤਾ ਅਤੇ ਸਿੱਧੀ ਗੱਲ ਨੂੰ ਉਲੱਦ ਦਿੱਤਾ, ਪਰ ਮੈਨੂੰ ਕੁਝ ਭਰਨਾ ਨਾ ਪਿਆ। [28]ਉਹ ਨੇ ਮੇਰੀ ਜਾਨ ਨੂੰ ਟੋਏ ਵਿੱਚ ਲੰਘਣ ਤੋਂ ਬਚਾਇਆ, ਮੇਰੀ ਹਯਾਤੀ ਚਾਨਣਾ ਵੇਖੂਗੀ।

ਆਇਤ 23. ਇਬਰਾਨੀ ਸ਼ਬਦ ਜਿਸ ਦਾ ਅਨੁਵਾਦ **ਦੂਤ** (מַלְאָךְ, *ਮਲਕ)* ਦਾ ਅਨੁਵਾਦ "ਸੰਦੇਸ਼ਵਾਹਕ" ਵੀ ਕੀਤਾ ਜਾ ਸਕਦਾ ਹੈ। ਉਹ ਇਕ ਸੁਰਗੀ ਸੰਦੇਸ਼ਵਾਹਕ ਵੀ ਹੋ ਸਕਦਾ ਹੈ, ਜਿਵੇਂ "ਯਹੋਵਾਹ ਦਾ ਦੂਤ" ਜਿਸ ਨੇ ਹਾਜਰਾ ਨਾਲ ਗੱਲ ਕੀਤੀ ਸੀ (ਉਤਪਤ 16:7-12) ਜਾਂ ਇਕ ਆਦਮੀ, ਜਿਵੇਂ ਉਹ ਆਦਮੀ ਜਿਨ੍ਹਾਂ ਨੇ ਅੱਯੂਬ ਨੂੰ ਬਿਪਤਾਵਾਂ ਦੇ ਵਿਸ਼ੇ ਵਿਚ ਸੂਚਨਾ ਦਿੱਤੀ ਸੀ (1:14-19)। ਸੈਮੂਏਲ ਕੋਕਸ ਨੇ ਲਿਖਿਆ,

> ਇੱਥੇ ਦਿੱਤਾ ਗਿਆ ਸ਼ਬਦ "ਦੂਤ" ਦੂਤ ਦੇ ਅਹੁਦੇ ਜਾਂ ਕੰਮ ਨੂੰ ਪਰਗਟ ਕਰਦਾ ਹੈ ਅਤੇ ਇਸ ਦਾ ਅਰਥ ਹੈ "ਸੰਦੇਸ਼ਵਾਹਕ," "ਅਰਥ ਕਰਨ ਵਾਲਾ," "ਰਾਜਦੂਤ," "ਸਿੱਖਿਅਕ," "ਨਬੀ;" ਇਹ ਕਿਸੇ ਨੂੰ ਵੀ ਅਤੇ ਸਭ ਨੂੰ, ਨਾਸ਼ਵਾਨ ਜਾਂ ਅਮਰ ਦਾ ਵਰਣਨ ਕਰਦਾ ਹੈ, ਜਿਸ ਦਾ ਫਰਜ਼ ਇਹ ਹੁੰਦਾ ਹੈ ਕਿ ਉਹ ਆਪਣੇ ਤੋਂ ਕਿਸੇ ਵੱਡੇ ਦੀ ਇੱਛਾ ਦਾ ਐਲਾਨ ਕਰੇ ਅਤੇ ਸਮਝਾਉਣਾ ਅਤੇ ਲਾਗੂ ਕਰਨਾ ਹੈ।[13]

ਇਹ ਦੂਤ ਉਨ੍ਹਾਂ ਘਟਨਾਵਾਂ ਦਾ **ਅਰਥ ਕਰਨ ਵਾਲਾ** (ਵਾਲੇ) ਜਾਂ ਇਕ "ਵਿਆਖਿਆਕਾਰ" ਵਜੋਂ ਕੰਮ ਕਰੇਗਾ ਜੋ ਅੱਯੂਬ ਨੂੰ ਇੰਨੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰਦੀਆਂ ਹਨ।

ਆਇਤ 24. ਤਾਂ ਉਹ ਉਸ ਤੇ ਦਯਾ ਕਰਦਾ ਤੇ ਆਖਦਾ ਹੈ, ਉਸ ਟੋਏ ਵਿਚ ਪੈਣ ਤੋਂ ਬਚਾ ਲੈ, ਮੈਨੂੰ ਪ੍ਰਾਸਚਿਤ ਮਿਲ ਗਿਆ ਹੈ। ਸ਼ਬਦ "ਪ੍ਰਾਸਚਿਤ" (כֹּפֶר, *ਕੋਪਰ)* ਸ਼ਬਦ "ਢੱਕੇ ਜਾਣ" ਨਾਲ ਸੰਬੰਧਤ ਹੈ। *ਯੋਮ ਕਿਪੁਰ* ਪ੍ਰਾਸਚਿਤ ਦਾ ਦਿਨ ਹੈ, ਅਰਥਾਤ, ਢੱਕਣ ਦਾ ਦਿਨ। ਐਲਡਨ ਨੇ ਦੱਸਿਆ,

> ਇਨ੍ਹਾਂ ਦੋਵਾਂ ਆਇਤਾਂ [33:23, 24] ਵਿਚਲੇ ਬਹੁਤ ਸਾਰੇ ਸ਼ਬਦ ਨਵੇਂ ਨੇਮ ਵਿਚ ਅਧਿਆਤਮਿਕ ਤੌਰ ਤੇ ਉਜਾਗਰ ਹੋ ਜਾਂਦੇ ਹਨ: ਦੂਤ, ਅਰਥ ਕਰਨ ਵਾਲਾ, ਦਯਾ, ਪ੍ਰਾਸਚਿਤ। ਮਸੀਹੀ ਦੇ ਲਈ, ਮਸੀਹ ਦਿਆਲੂ ਵਿਚੋਲਾ ਹੈ ਜੋ ਵਿਸ਼ਵਾਸੀ ਦੀ ਰੂਹ ਨੂੰ ਸਦੀਪਕ ਮੌਤ ਤੋਂ ਬਚਾਉਂਦਾ ਹੈ।[14]

ਆਇਤ 25. ਉਸ ਦਾ ਮਾਸ ਬਾਲਕ ਨਾਲੋਂ ਵਧੀਕ ਹਰਿਆ ਭਰਿਆ ਹੋ ਜਾਊਗਾ, ਉਹ ਆਪਣੀ ਜੁਆਨੀ ਵੱਲ ਮੁੜ ਆਊਗਾ। 33:23 ਦਾ ਸੁਰਗਦੂਤ ਮੌਤ ਤੋਂ ਚੰਗਾਈ ਅਤੇ ਮੁਕਤੀ ਦੇਣ ਦੇ ਲਈ ਇਕ ਉਤਪ੍ਰੇਰਕ ਦੇ ਰੂਪ ਵਿਚ ਕੰਮ ਕਰੇਗਾ। ਪੀੜਿਤ ਨੂੰ ਆਪਣੀ ਜਵਾਨੀ ਵਿਚ ਮਿਲੀ ਸਿਹਤ ਅਤੇ ਸ਼ਕਤੀ ਦੇ ਵਾਪਸ ਮੁੜ ਆਉਣ ਦਾ ਅਨੰਦ ਮਿਲੇਗਾ। ਆਇਤ 25 ਦੀ ਭਾਸ਼ਾ ਨਅਮਾਨ ਕੋੜ੍ਹੀ ਦੀ ਕਹਾਣੀ ਦੇ ਨਾਲ ਮਿਲਦੀ ਜੁਲਦੀ ਹੈ। ਯਰਦਨ ਨਦੀ ਵਿਚ ਸੱਤ ਚੁੱਭੀਆਂ ਮਾਰਨ ਤੋਂ ਬਾਅਦ, "ਉਹ ਦੀ ਦੇਹ ਨਿੱਕੇ ਬਾਲਕ ਦੀ ਦੇਹ ਵਰਗੀ ਸਾਫ ਹੋ ਗਈ" (2 ਰਾਜਿਆਂ 5:14)।

ਆਇਤ 26. ਚੰਗਾਈ ਪਾਇਆ ਹੋਇਆ ਮਨੁੱਖ ਵੀ ਆਤਮਿਕ ਨਵੀਨੀਕਰਨ ਦਾ ਅਨੁਭਵ ਕਰੇਗਾ, ਕਿਉਂਕਿ ਉਸ ਦਾ ਪ੍ਰਾਸਚਿਤ ਕੀਤਾ ਗਿਆ ਹੈ (33:24)। ਉਹ ਆਪਣੀ ਮੁਕਤੀ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕਰਦੇ ਹੋਏ **ਪਰਮੇਸ਼ੁਰ ਅੱਗੇ ਅਰਦਾਸ ਕਰੂਗਾ**, ਅਤੇ ਪਰਮੇਸ਼ੁਰ ਇਕ ਧਰਮੀ ਦੇ ਰੂਪ ਵਿਚ **ਉਸ ਨੂੰ ਕਬੂਲ** ਕਰੇਗਾ।

ਆਇਤਾਂ 27, 28. ਜਿਸ ਮਨੁੱਖ ਨੂੰ ਬਹਾਲ ਕੀਤਾ ਜਾਂਦਾ ਹੈ ਉਹ ਗੀਤ ਦੇ ਦੁਆਰਾ ਖੁੱਲ੍ਹੇ ਤੌਰ ਤੇ ਦੂਜਿਆਂ ਦੇ ਸਾਹਮਣੇ ਕਬੂਲ ਕਰੇਗਾ ਕਿ ਉਸ ਨੇ ਪਾਪ ਕੀਤਾ ਅਤੇ ਇਹ ਕਿ ਪਰਮੇਸ਼ੁਰ ਨੇ ਉਸ ਨੂੰ ਮੌਤ ਤੋਂ ਅਜ਼ਾਦ ਕੀਤਾ ਸੀ (ਵੇਖੋ ਜ਼ਬੂਰ 51:14, 15)। ਇਸ ਦੀ ਬਜਾਇ **ਉਹ ਮਨੁੱਖਾਂ ਦੇ ਅੱਗੇ ਗਾਉਣ ਲੱਗਦਾ**, NKJV ਬਾਈਬਲ ਵਿਚ ਹੈ "ਉਹ ਲੋਕਾਂ ਨੂੰ ਵੇਖਦਾ ਹੈ।" ਇਹ ਸੰਸਕਰਣ ਇਬਰਾਨੀ ਸਵਰਾਂ ਦੇ ਇਕ ਵੱਖਰੇ ਸੰਕੇਤ ਤੇ ਅਧਾਰਤ ਹੈ: "ਗਾਵੇਗਾ" (יָשֹׁר,

ਯਾਸ਼ੀਰ) ਬਨਾਮ “ਵੇਖਦਾ ਹੈ” (יָשֻׁר, *ਯਾਸ਼ੋਰ)*।

ਇਸ ਪੈਰ੍ਹੇ ਦੇ ਪੂਰੇ ਦ੍ਰਿਸ਼ ਨੂੰ ਧਿਆਨ ਵਿਚ ਰੱਖਦੇ ਹੋਏ ਅਲੀਹੂ ਦਾ ਵਿਚਾਰ ਸੀ ਕਿ ਅੱਯੂਬ ਨੂੰ ਆਪਣੇ ਪਾਪਾਂ ਤੋਂ ਤੋਬਾ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੇ ਸਾਹਮਣੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਜੇਕਰ ਉਹ ਅਜਿਹਾ ਕਰਦਾ ਹੈ, ਤਾਂ ਉਹ “ਟੋਏ” ਤੋਂ ਬਚ ਜਾਵੇਗਾ ਅਤੇ ਬਹਾਲੀ ਨੂੰ ਮਾਣੇਗਾ।

“ਅਕਸਰ ਸਾਰੇ ਕੰਮ ਪਰਮੇਸ਼ੁਰ ਕਰਦਾ ਹੈ” (33:29-33)

**29ਵੇਖ, ਏਹ ਸਾਰੇ ਕੰਮ ਪਰਮੇਸ਼ੁਰ ਕਰਦਾ ਹੈ, ਉਹ ਮਰਦ ਨਾਲ ਦੋ ਵਾਰ ਸਗੋਂ ਤਿੰਨ
ਵਾਰ ਵੀ, 30ਉਸ ਦੀ ਜਾਨ ਨੂੰ ਟੋਏ ਵਿੱਚੋਂ ਮੋੜ ਲੈ ਆਵੇ, ਤਾਂ ਜੋ ਉਹ ਜੀਉਂਦਿਆਂ ਦੇ ਚਾਨਣ
ਨਾਲ ਪਰਕਾਸ਼ਤ ਹੋਵੇ। 31ਹੇ ਅੱਯੂਬ, ਧਿਆਨ ਲਾ ਕੇ ਮੇਰੀ ਸੁਣ, ਚੁੱਪ ਵੱਟ ਤੇ ਮੈਂ ਬੋਲਾਂਗਾ।
32ਜੇ ਤੈਂ ਕੁਝ ਬੋਲਣਾ ਹੈ ਤਾਂ ਮੈਨੂੰ ਉੱਤਰ ਦੇਹ, ਬੋਲ, ਕਿਉਂ ਜੋ ਮੈਂ ਤੈਨੂੰ ਧਰਮੀ ਠਹਿਰਾਉਣਾ
ਚਾਹੁੰਦਾ ਹਾਂ। 33ਜੇ ਨਹੀਂ ਤਾਂ ਤੂੰ ਮੇਰੀ ਸੁਣ, ਚੁੱਪ ਵੱਟ, ਮੈਂ ਤੈਨੂੰ ਬੁੱਧ ਸਿਖਾਵਾਂਗਾ।**

ਆਇਤ 29. ਅਲੀਹੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਰਕਾਸ਼ ਦੇ ਜਿਹੜੇ ਤਰੀਕੇ ਉਸ ਨੇ 33:13-28 ਵਿਚ ਦਰਸਾਏ ਹਨ (ਸੁਫਨੇ ਅਤੇ ਦਰਸ਼ਣ ਅਤੇ ਇਕ ਦੂਤ) ਉਹ ਮਨੁੱਖਤਾ ਦੇ ਪ੍ਰਤੀ ਪਰਮੇਸ਼ੁਰ ਦੇ ਸਧਾਰਣ ਕੰਮ ਸਨ। NRSV ਵਿਚ **ਅਕਸਰ** ਦਾ ਅਨੁਵਾਦ ਅਕਸਰ “ਦੋ ਵਾਰ, ਜਾਂ ਤਿੰਨ ਵਾਰ।”

ਆਇਤ 30. ਆਇਤ 28 ਵਿਚ ਪਾਏ ਗਏ ਚਾਰ ਸ਼ਬਦ ਉਹੀ ਹਨ ਜੋ ਆਇਤ 30 ਵਿਚ ਪਾਏ ਜਾਂਦੇ ਹਨ: **ਜਾਨ**, **ਟੋਏ**, **ਚਾਨਣ**, ਅਤੇ **ਜੀਉਂਦਿਆਂ**।

ਆਇਤਾਂ 31, 32. ਅੱਗੇ ਵੱਧਣ ਤੋਂ ਪਹਿਲਾਂ, ਅਲੀਹੂ ਨੇ ਅੱਯੂਬ ਦੇ ਅੱਗੇ ਬੇਨਤੀ ਕੀਤੀ ਕਿ **ਧਿਆਨ ਲਾ**, **ਮੇਰੀ ਸੁਣ**, **ਚੁੱਪ ਵੱਟ**। ਪਰ, “ਜੇਕਰ [ਅੱਯੂਬ] ਨੇ ਕੁਝ ਕਹਿਣਾ ਹੁੰਦਾ,” ਤਾਂ ਅਲੀਹੂ ਉਸ ਨੂੰ ਬੋਲਣ ਦੀ ਇਜਾਜ਼ਤ ਦਿੰਦਾ।[15] ਇਸ ਅਧਿਆਇ ਨੂੰ ਸੁਣਨ ਦੇ ਲਈ ਅਲੀਹੂ ਦੀ ਅੱਯੂਬ ਨੂੰ ਸਲਾਹ (33:1, 31-33)।

ਆਇਤ 33. ਜੇ ਨਹੀਂ ਤਾਂ ਤੂੰ ਮੇਰੀ ਸੁਣ, ਚੁੱਪ ਵੱਟ, ਮੈਂ ਤੈਨੂੰ ਬੁੱਧ ਸਿਖਾਵਾਂਗਾ। ਰੀਬਰਨ ਨੇ ਕਿਹਾ, “*ਬੁੱਧ* ਜਾਣਕਾਰੀ ਜਾਂ ਗਿਆਨ ਨਾਲੋਂ ਬਹੁਤ ਵੱਧ ਕੇ ਹੈ। *ਬੁੱਧ* ਇਕ ਰਵੱਈਆ ਅਤੇ ਇਕ ਅਨੁਸ਼ਾਸਨ ਹੈ ਜੋ ਪਰਮੇਸ਼ੁਰ ਵੱਲੋਂ ਆਉਂਦਾ ਹੈ।”[16] (“ਬੁੱਧ” ਦੇ ਵਿਸ਼ੇ ਵਿਚ ਵਧੇਰੇ ਜਾਣਕਾਰੀ ਲੈਣ ਦੇ ਲਈ, 4:19-21; 11:6; 28:1-28 ਤੇ ਟਿੱਪਣੀਆਂ ਵੇਖੋ।) ਕਿਉਂਕਿ ਅਲੀਹੂ ਪਰਮੇਸ਼ੁਰ ਦੀ ਬੁੱਧ ਦੀ ਗਹਿਰਾਈ ਨਾਲ ਨਹੀਂ ਬੋਲਦਾ ਸੀ, ਸਗੋਂ ਉਹ ਆਪਣੇ ਮਨੁੱਖੀ ਗਿਆਨ ਅਤੇ ਬੁੱਧ ਦੇ ਰਾਹੀਂ ਬੋਲਦਾ ਸੀ ਜੋ ਅੱਯੂਬ ਦੇ ਲਈ ਬਹੁਤੀ ਅਚੂਕ ਨਹੀਂ ਸੀ। ਪਰ, ਉਸ ਨੇ ਪਰਮੇਸ਼ੁਰ ਦੇ ਰਾਹਾਂ ਦੇ ਵਿਸ਼ੇ ਵਿਚ ਇਕ ਡੂੰਘੀ ਚਿੰਤਾ ਪਰਗਟ ਕੀਤੀ।

ਇਹ ਤੱਥ ਕਿ ਅੱਯੂਬ ਚੁੱਪ ਚਾਪ ਰਿਹਾ, ਪੁਸਤਕ ਵਿਚ ਉਸ ਦੇ ਪਹਿਲੇ ਤਿੰਨਾਂ ਮਿੱਤਰਾਂ ਦੇ ਨਾਲ ਗੱਲਬਾਤ ਦੀ ਰੌਸ਼ਨੀ ਵਿਚ ਹੈਰਾਨੀਜਨਕ ਜਾਪਦਾ ਹੈ। ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਅਲੀਹੂ ਨੇ ਅੱਯੂਬ ਨੂੰ ਚੁੱਪ ਕਰਵਾ ਦਿੱਤਾ, ਜਿਵੇਂ ਅੱਯੂਬ ਨੇ ਤਿੰਨਾਂ ਮਿੱਤਰਾਂ ਨੂੰ ਚੁੱਪ ਕਰਵਾਇਆ ਸੀ। ਹਾਰਟਲੀ ਨੇ ਇਹ ਕਹਿ ਕੇ ਇਸ ਗੱਲ ਦਾ ਖੰਡਨ ਕੀਤਾ,

> ਕਮਜ਼ੋਰ ਅੱਯੂਬ ਦੇ ਲਈ ਚੁੱਪ ਰਹਿਣਾ ਅਸੰਭਵ ਜਾਪ ਸਕਦਾ ਹੈ, ਪਰ ਇਹ ਸਾਰੇ ਕੰਮ ਦੀ ਸਾਜਿਸ਼ ਦਾ ਇਕ ਹਿੱਸਾ ਸੀ। ਕਿਉਂਕਿ ਅੱਯੂਬ ਨੇ ਆਪਣੀ ਆਖਰੀ ਅਪੀਲ ਪਰਮੇਸ਼ੁਰ ਦੇ ਸਾਹਮਣੇ ਰੱਖੀ ਹੈ, ਇਸ ਲਈ ਉਸ ਨੂੰ ਮਨੁੱਖਾਂ ਦੇ ਕੋਲੋਂ ਨਹੀਂ, ਸਗੋਂ ਪਰਮੇਸ਼ੁਰ ਦੇ ਕੋਲੋਂ ਉੱਤਰ

ਹਾਸਲ ਕਰਨ ਦੇ ਲਈ ਰੁਕਣਾ ਪਵੇਗਾ। ਇਸ ਲਈ, ਫਿਰ ਇਹ ਬਿਲਕੁਲ ਨਹੀਂ ਸੋਚਣਾ ਚਾਹੀਦਾ ਕਿ ਅਲੀਹੂ ਨੇ ਅੱਯੂਬ ਨੂੰ ਚੁੱਪ ਕਰਾ ਦਿੱਤਾ ਸੀ। ਫਿਰ ਵੀ, ਕਿਉਂਕਿ ਅੱਯੂਬ ਨੇ ਜਵਾਬ ਨਹੀਂ ਦਿੱਤਾ, ਇਸ ਲਈ ਕੁਝ ਸਮੇਂ ਦੇ ਲਈ ਰੁਕਣ ਤੋਂ ਬਾਅਦ, ਅਲੀਹੂ ਨੇ ਆਪਣੇ ਦੂਜੇ ਉਪਦੇਸ਼ ਨੂੰ ਸ਼ੁਰੂ ਕੀਤਾ।[17]

ਪ੍ਰਾਸੰਗਿਕਤਾ

ਮਨੁੱਖਜਾਤੀ ਦੇ ਲਈ ਪਰਮੇਸ਼ੁਰ ਦੀ ਗੱਲਬਾਤ (33:13-28)

ਸਾਡੇ ਆਧੁਨਿਕ ਸੰਸਾਰ ਵਿਚ, ਗੱਲਬਾਤ ਸਾਡੀ ਜ਼ਿੰਦਗੀ ਦਾ ਇਕ ਬਹੁਤ ਮਹੱਤਵਪੂਰਣ ਹਿੱਸਾ ਹੈ। ਅਸੀਂ ਨਿਯਮਿਤ ਤੌਰ ਤੇ ਫੋਨ ਕਰ ਰਹੇ ਹਾਂ, ਇਲੈਕਟ੍ਰਾਨਿਕ ਸੁਨੇਹੇ ਭੇਜ ਰਹੇ ਹਾਂ, ਡਾਕ ਰਾਹੀਂ ਕਾਰਡ ਅਤੇ ਚਿੱਠੀਆਂ ਭੇਜ ਰਹੇ ਹਾਂ ਅਤੇ ਦੂਜਿਆਂ ਨਾਲ ਆਹਮੋ ਸਾਹਮਣੇ ਗੱਲ ਕਰ ਰਹੇ ਹਾਂ। ਅਸੀਂ ਟੈਲੀਵਿਜ਼ਨ, ਰੇਡੀਓ, ਅਖ਼ਬਾਰਾਂ, ਰਸਾਲਿਆਂ ਅਤੇ ਹੋਰ ਮੀਡੀਆਂ ਸਰੋਤਾਂ ਰਾਹੀਂ ਵੀ ਸੁਨੇਹੇ ਪ੍ਰਾਪਤ ਕਰ ਰਹੇ ਹਾਂ। ਗੱਲਬਾਤ ਸਾਡੇ ਸੱਭਿਆਚਾਰ ਲਈ ਇੰਨੀ ਮਹੱਤਵਪੂਰਣ ਹੈ ਕਿ ਕਾਲਜ ਅਤੇ ਯੂਨੀਵਰਸਿਟੀਆਂ ਵੀ ਇਸ ਵਿਸ਼ੇਸ਼ ਖੇਤਰ ਵਿਚ ਕੋਰਸ ਅਤੇ ਡਿਗਰੀਆਂ ਪ੍ਰਦਾਨ ਕਰਦੀਆਂ ਹਨ।

ਸਾਡਾ ਪਰਮੇਸ਼ੁਰ ਗੱਲਬਾਤ ਕਰਨ ਵਾਲਾ ਪਰਮੇਸ਼ੁਰ ਹੈ। ਇਬਰਾਨੀਆਂ 1:1 ਕਹਿੰਦੀ ਹੈ, "ਪਰਮੇਸ਼ੁਰ ਨੇ ਜਿਨ ਪਿੱਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ" (NIV)। ਪਰਮੇਸ਼ੁਰ ਨੇ ਮਸੀਹ ਦੇ ਆਉਣ ਤੋਂ ਪਹਿਲਾਂ ਵਾਲੇ ਸਮੇਂ ਵਿਚ ਉਸ ਦੇ ਸੰਦੇਸ਼ ਨੂੰ ਪਹੁੰਚਾਉਣ ਲਈ ਕਈ ਤਰੀਕਿਆਂ ਦਾ ਇਸਤੇਮਾਲ ਕੀਤਾ। ਅੱਯੂਬ 33 ਵਿਚ, ਅਲੀਹੂ ਨੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਪਰਮੇਸ਼ੁਰ ਮਨੁੱਖਜਾਤੀ ਨੂੰ ਆਪਣੀ ਇੱਛਾ ਦੱਸਣ ਲਈ ਵੱਖ-ਵੱਖ ਤਰੀਕਿਆਂ ਨਾਲ ਗੱਲ ਸਕਦਾ ਸੀ। ਅੱਯੂਬ ਨੇ ਸ਼ਿਕਾਇਤ ਕੀਤੀ ਸੀ ਕਿ ਪਰਮੇਸ਼ੁਰ ਲੁਕਿਆ ਹੋਇਆ ਸੀ ਅਤੇ ਚੁੱਪ ਰਿਹਾ ਅਤੇ ਉਸ ਨੇ ਉਸ ਦੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਇਨਕਾਰ ਕੀਤਾ ਸੀ (19:7; 23:3-9; 30:20; 31:35)। ਅਲੀਹੂ ਨੇ ਇਹ ਕਹਿ ਕੇ ਅੱਯੂਬ ਦੀ ਸ਼ਿਕਾਇਤ ਦਾ ਜਵਾਬ ਦਿੱਤਾ, "ਤੂੰ ਕਿਉਂ ਉਹ ਦੇ ਵਿਰੁੱਧ ਝਗੜਦਾ ਹੈਂ? ਉਹ ਤਾਂ ਆਪਣੀ ਕਿਸੇ ਗੱਲ ਦਾ ਉੱਤਰ ਨਹੀਂ ਦਿੰਦਾ! ਕਿਉਂ ਜੋ ਪਰਮੇਸ਼ੁਰ ਇੱਕ ਵਾਰ ਬੋਲਦਾ ਹੈ, ਸਗੋਂ ਦੋ ਵਾਰ ਪਰ ਉਹ ਇਹ ਨਹੀਂ ਸਮਝਦਾ" (33:13, 14; NIV)। ਫਿਰ ਅਲੀਹੂ ਉਨ੍ਹਾਂ ਤਿੰਨ ਵੱਖ-ਵੱਖ ਤਰੀਕਿਆਂ ਦਾ ਜ਼ਿਕਰ ਕਰਨ ਲਈ ਅੱਗੇ ਵਧਿਆ ਜਿਨ੍ਹਾਂ ਦੇ ਰਾਹੀਂ ਪਰਮੇਸ਼ੁਰ ਨੇ ਮਨੁੱਖ ਨਾਲ ਗੱਲ ਕੀਤੀ ਸੀ।

ਪਰਮੇਸ਼ੁਰ ਨੇ ਦਰਸ਼ਣਾਂ ਅਤੇ ਸੁਫ਼ਨਿਆਂ ਰਾਹੀਂ ਗੱਲ ਕੀਤੀ ਸੀ (33:15-18)। ਅਲੀਹੂ ਨੇ ਕਿਹਾ, "ਸੁਫ਼ਨੇ ਵਿੱਚ ਰਾਤ ਦੀ ਦਰਿਸ਼ਟੀ ਵਿੱਚ, ਜਦ ਭਾਰੀ ਨੀਂਦ ਮਨੁੱਖਾਂ ਉੱਤੇ ਆ ਪੈਂਦੀ ਹੈ, ਅਤੇ ਜਦ ਓਹ ਆਪਣਿਆਂ ਬਿਸਤਰਿਆਂ ਉੱਤੇ ਸੌਂਦੇ ਹਨ, ਤਦ ਉਹ ਮਨੁੱਖਾਂ ਦੇ ਕੰਨ ਖੋਲ੍ਹਦਾ ਹੈ, ਅਤੇ ਉਨ੍ਹਾਂ ਦੀ ਸਿੱਖਿਆ ਉੱਤੇ ਮੋਹਰ ਲਾ ਦਿੰਦਾ ਹੈ" (33:15, 16)। ਅਲੀਹੂ ਨੇ ਦਾਅਵਾ ਕੀਤਾ ਕਿ ਸੁਫ਼ਨਿਆਂ ਅਤੇ ਦਰਸ਼ਣਾਂ ਦਾ ਉਦੇਸ਼ ਮਨੁੱਖ ਨੂੰ ਤੋਬਾ ਵੱਲ ਲੈ ਕੇ ਆਉਣਾ ਸੀ। ਉਸ ਨੇ ਕਿਹਾ, "ਭਈ [ਪਰਮੇਸ਼ੁਰ] ਆਦਮੀ ਨੂੰ ਉਸਦੇ ਕੰਮਾਂ ਤੋਂ ਰੋਕੇ, ਅਤੇ ਮਰਦ ਤੋਂ ਹੰਕਾਰ ਨੂੰ ਲੁਕਾਵੇ। ਉਹ ਉਸ ਦੀ ਜਾਨ ਨੂੰ ਟੋਏ ਤੋਂ ਰੋਕੀ ਰੱਖਦਾ ਹੈ, ਅਤੇ ਉਸ ਦੀ ਹਯਾਤੀ ਨੂੰ ਤਲਵਾਰ ਨਾਲ ਨਾਸ ਹੋਣ ਤੋਂ" (33:17, 18)। ਹਰੇਕ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਲੀਹੂ ਨੇ ਅੱਯੂਬ ਅਤੇ ਤਿੰਨ ਮਿੱਤਰਾਂ ਦੀ ਗੱਲ ਧਿਆਨ ਨਾਲ ਸੁਣੀ ਸੀ। ਅੱਯੂਬ ਨੇ ਪਹਿਲਾਂ ਕਿਹਾ ਸੀ, "ਜਦ ਮੈਂ ਆਖਦਾ ਭਈ ਮੇਰੀ ਮੰਜੀ ਮੈਨੂੰ ਤਸੱਲੀ ਦੇਵੇਗੀ ਮੇਰਾ ਬਿਛੌਣਾ ਮੇਰੇ ਗਿਲੇ ਨੂੰ ਚੁੱਕ

ਲਵੇਗਾ, ਤਦ ਤੂੰ ਮੈਨੂੰ ਸੁਫ਼ਨਿਆਂ ਨਾਲ ਘਬਰਾ ਦਿੰਦਾ ਹੈਂ, ਅਤੇ ਮੈਨੂੰ ਦਰਸ਼ਣਾਂ ਨਾਲ ਡਰਾ ਦਿੰਦਾ ਹੈਂ" (7:13, 14)। ਇਸ ਤਰ੍ਹਾਂ ਲੱਗਦਾ ਹੈ ਕਿ ਅਲੀਹੂ ਅੱਯੂਬ ਨੂੰ ਗਲਤ ਸਾਬਤ ਕਰਨ ਲਈ ਅੱਯੂਬ ਦੀ ਹੀ ਸ਼ਬਦਾਂ ਦੀ ਵਰਤੋਂ ਕਰ ਰਿਹਾ ਸੀ। ਉਸ ਦਾ ਮੰਨਣਾ ਸੀ ਕਿ ਅੱਯੂਬ ਨੇ ਸੁਫ਼ਨਿਆਂ ਅਤੇ ਦਰਸ਼ਣਾਂ ਵਿਚ ਯਹੋਵਾਹ ਵੱਲੋਂ ਸੁਣਿਆ ਸੀ, ਪਰ ਅੱਯੂਬ ਨੇ ਯਹੋਵਾਹ ਦੀ ਬੁਲਾਹਟ ਜਾਂ ਸੱਦੇ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਸੀ।

ਪੁਰਖਿਆਂ ਦੇ ਦਿਨਾਂ ਵਿਚ, ਪਰਮੇਸ਼ੁਰ ਨੇ ਲੋਕਾਂ ਨਾਲ ਦਰਸ਼ਣਾਂ ਅਤੇ ਸੁਫ਼ਨਿਆਂ ਰਾਹੀਂ ਗੱਲ ਕੀਤੀ ਸੀ। ਇਕ ਪ੍ਰਸਿੱਧ ਉਦਾਹਰਣ ਯਾਕੂਬ ਦਾ ਸੁਫ਼ਨਾ ਹੈ ਜਿਸ ਵਿਚ ਉਸ ਨੇ ਇਕ ਪੌੜੀ ਨੂੰ ਅਕਾਸ਼ ਤੀਕ ਪਹੁੰਚਦੇ ਵੇਖਿਆ। ਉੱਥੇ ਪਰਮੇਸ਼ੁਰ ਨੇ ਉਨ੍ਹਾਂ ਵਾਅਦਿਆਂ ਦੀ ਪੁਸ਼ਟੀ ਕੀਤੀ ਜਿਹੜੇ ਉਸ ਨੇ ਯਾਕੂਬ ਦੇ ਪਿਤਾ ਇਸਹਾਕ ਅਤੇ ਉਸ ਦੇ ਦਾਦੇ ਅਬਰਾਹਾਮ ਨਾਲ ਕੀਤੇ ਸਨ (ਉਤਪਤ 28:10-17)। ਯਹੋਵਾਹ ਨੇ ਯਾਕੂਬ ਦੇ ਪੁੱਤਰ ਯੂਸੁਫ਼ ਨੂੰ ਸੁਫ਼ਨੇ ਅਤੇ ਉਨ੍ਹਾਂ ਦਾ ਅਰਥ ਦੱਸਣ ਦੀ ਸਮਰੱਥਾ ਵੀ ਦਿੱਤੀ; ਉਸ ਦੇ ਈਰਖਾਲੂ ਭਰਾਵਾਂ ਨੇ ਖੁਣਸ ਨਾਲ ਉਸ ਨੂੰ "ਸੁਫ਼ਨਿਆਂ ਦਾ ਸਾਹਿਬ" ਕਿਹਾ ਸੀ (ਉਤਪਤ 37:19)। ਅੱਗੇ ਚੱਲ ਕੇ ਇਤਹਾਸ ਵਿਚ, ਪਰਮੇਸ਼ੁਰ ਨੇ ਦਾਨੀਏਲ ਨਬੀ ਨੂੰ "ਹਰ ਤਰਾਂ ਦਿਆਂ ਦਰਸ਼ਣਾਂ ਤੇ ਸੁਫ਼ਨਿਆਂ" ਨੂੰ ਸਮਝਣ ਦੀ ਸਮਰੱਥਾ ਦਿੱਤੀ (ਦਾਨੀਏਲ 1:17)। ਅਖ਼ੀਰ ਵਿਚ, ਸੰਸਾਰ ਵਿਚ ਪਰਮੇਸ਼ੁਰ ਦੇ ਪੁੱਤਰ ਦੇ ਪ੍ਰਵੇਸ਼ ਬਾਰੇ ਉਨ੍ਹਾਂ ਸੁਫ਼ਨਿਆਂ ਦੁਆਰਾ ਦੱਸਿਆ ਗਿਆ ਸੀ ਜਿਨ੍ਹਾਂ ਨੇ ਯੂਸੁਫ਼, ਮਰੀਅਮ ਅਤੇ ਉਨ੍ਹਾਂ ਦੇ ਬਾਲਕ ਪੁੱਤਰ ਯਿਸੂ ਨੂੰ ਦਿਸ਼ਾ ਅਤੇ ਸੁਰੱਖਿਆ ਪ੍ਰਦਾਨ ਕੀਤੀ (ਮੱਤੀ 1:20-25; 2:13-15, 19-23)। ਪੈਂਟੀਕਾਸਟ ਦੇ ਦਿਨ, ਪਤਰਸ ਨੇ ਮਸੀਹ ਦੀ ਕਲੀਸੀਆ ਦੇ ਉਦਘਾਟਨ ਦੇ ਸੰਬੰਧ ਵਿਚ ਯੋਏਲ ਨਬੀ ਦਾ ਹਵਾਲਾ ਦਿੱਤਾ: "ਅਤੇ ਤੁਹਾਡੇ ਜੁਆਨ ਦਰਸ਼ਣ ਵੇਖਣਗੇ, ਅਤੇ ਤੁਹਾਡੇ ਬੁੱਢੇ ਸੁਫ਼ਨੇ ਵੇਖਣਗੇ" (ਰਸੂਲਾਂ ਦੇ ਕਰਤੱਬ 2:17)।

ਪਰਮੇਸ਼ੁਰ ਨੇ ਤਾੜਨਾ ਰਾਹੀਂ ਗੱਲ ਕੀਤੀ ਸੀ (33:19-22)। ਅਲੀਹੂ ਨੇ ਦੱਸਿਆ, "ਉਹ ਆਪਣੇ ਬਿਸਤਰੇ ਉੱਤੇ ਦਰਦ ਨਾਲ ਦੱਬ ਕੇ ਝੁੱਲਦਾ ਹੈ, ਅਤੇ ਆਪਣੀਆਂ ਹੱਡੀਆਂ ਵਿੱਚ ਨਿੱਤ ਦੀ ਅਣ ਬਣ ਨਾਲ ਵੀ। ਉਸ ਦੀ ਹਯਾਤੀ ਰੋਟੀ ਤੋਂ ਸੂਗਦੀ ਹੈ, ਅਤੇ ਉਸ ਦੀ ਜਾਨ ਸੁਆਦਲੇ ਭੋਜਨ ਤੋਂ। ਉਸ ਦਾ ਮਾਸ ਬਰਬਾਦ ਹੋ ਜਾਂਦਾ ਹੈ ਅਤੇ ਵਿਖਾਈ ਨਹੀਂ ਦਿੰਦਾ, ਉਸ ਦੀਆਂ ਹੱਡੀਆਂ ਜਿਹੜੀਆਂ ਵਿਖਾਈ ਨਹੀਂ ਸਨ ਦਿੰਦੀਆਂ ਨਿੱਕਲ ਆਉਂਦੀਆਂ ਹਨ" (33:19-21)। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਲੀਹੂ ਦੇ ਮਨ ਵਿਚ ਅੱਯੂਬ ਸੀ ਜਦੋਂ ਉਸ ਨੇ ਇਹ ਸ਼ਬਦ ਬੋਲੇ। ਅੱਯੂਬ ਕੁਰਲਾਇਆ ਸੀ, "ਮੇਰੀ ਖੱਲ ਕਾਲੀ ਜੋ ਕੇ ਮੈਥੋਂ ਡਿੱਗਦੀ ਜਾਂਦੀ ਹੈ, ਅਤੇ ਮੇਰੀਆਂ ਹੱਡੀਆਂ ਤਾਪ ਨਾਲ ਜਲਦੀਆਂ ਹਨ" (30:30)। ਉਸ ਨੇ ਇਹ ਵੀ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਭੁੱਖ ਮਰ ਗਈ ਸੀ ਅਤੇ ਉਸ ਦੀ ਰੋਟੀ "ਘਿਣਾਉਣੀ" ਹੋ ਗਈ ਸੀ (3:24; 6:7)। ਇਸ ਤੋਂ ਇਲਾਵਾ, ਅੱਯੂਬ ਨੇ ਕਿਹਾ ਸੀ, "ਮੇਰੀਆਂ ਹੱਡੀਆਂ ਮੇਰੀ ਖੱਲ ਅਤੇ ਮੇਰੇ ਮਾਸ ਵਿੱਚ ਸੁੰਗੜ ਗਈਆਂ ਹਨ" (19:20)। ਅਲੀਹੂ ਨੇ ਸੋਚਿਆ ਕਿ ਪਰਮੇਸ਼ੁਰ ਅੱਯੂਬ ਨਾਲ ਉਸ ਦੇ ਵੱਡੇ ਦੁੱਖ ਦੁਆਰਾ ਗੱਲ ਕਰ ਰਿਹਾ ਸੀ, ਪਰ ਅੱਯੂਬ ਸੁਣ ਨਹੀਂ ਰਿਹਾ ਸੀ!

ਮਨੁੱਖੀ ਦੁੱਖ ਦੇ ਬਹੁਤ ਸਾਰੇ ਕਾਰਣ ਹਨ ਅਤੇ ਇਹ ਮੰਨਣਾ ਇਕ ਵੱਡੀ ਗਲਤੀ ਹੈ ਕਿ ਸਾਰੇ ਦੁੱਖ ਪਰਮੇਸ਼ੁਰ ਵੱਲੋਂ ਇਕ ਤਾੜਨਾ ਹੈ। ਅੱਯੂਬ ਦੇ ਮਿੱਤਰ ਸਪੱਸ਼ਟ ਤੌਰ ਤੇ ਇਹ ਧਾਰਣਾ ਬਣਾਉਣ ਵਿਚ ਗਲਤ ਸਨ। ਪਰ, ਇਕ ਵਿਅਕਤੀ ਹੋਰ ਹੱਦ ਤੱਕ ਜਾ ਸਕਦਾ ਹੈ ਅਤੇ ਸਾਰੇ ਦੁੱਖਾਂ ਨੂੰ ਪਰਮੇਸ਼ੁਰ ਦੇ ਹੱਥੋਂ ਅਲੱਗ-ਅਲੱਗ ਕਰਕੇ ਦੇਖ ਸਕਦਾ ਹੈ। ਇਬਰਾਨੀਆਂ ਦੇ ਲੇਖਕ ਨੇ ਦੁੱਖਾਂ ਨੂੰ ਪਰਮੇਸ਼ੁਰ ਦੀ ਤਾੜਨਾ ਨਾਲ ਇਨ੍ਹਾਂ ਸ਼ਬਦਾਂ ਵਿਚ ਜੋੜਿਆ:

ਤੁਸੀਂ ਸਹਾਰਾ ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤ੍ਰਾਂ ਨਾਲ, ਕਿਉਂ ਜੋ ਉਹ ਕਿਹੜਾ ਪੁੱਤ੍ਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ ਹੈ? ਪਰ ਜੇ ਤੁਸੀਂ ਉਸ ਤਾੜਨਾ ਬਿਨਾ ਰਹੇ ਜਿਹ ਦੇ ਵਿੱਚ ਸੱਭੋ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤ੍ਰ ਨਹੀਂ ਸਗੋਂ ਹਰਾਮ ਦੇ ਹੋ! ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਓਹਨਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? ਓਹ ਤਾਂ ਥੋੜੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹ ਦੀ ਪਵਿੱਤਰਤਾਈ ਵਿੱਚ ਸਾਂਝੀ ਹੋਈਏ (ਇਬਰਾਨੀਆਂ 12:7-10)।

ਇਸ ਤੋਂ ਇਲਾਵਾ, ਅੱਯੂਬ ਨੇ ਇਕ ਅਜਿਹਾ ਦ੍ਰਿਸ਼ ਪੇਸ਼ ਕੀਤਾ ਜਿਸ ਵਿਚ ਕਲੀਸੀਆ ਦੇ ਬਜ਼ੁਰਗ ਜਾ ਕੇ ਇਕ ਬਿਮਾਰ ਮੈਂਬਰ ਦੇ ਲਈ ਪ੍ਰਾਰਥਨਾ ਕਰਦੇ ਹਨ। ਉਸ ਸੰਦਰਭ ਵਿਚ, ਯਾਕੂਬ ਨੇ ਲਿਖਿਆ ਕਿ ਜੇਕਰ ਬਿਮਾਰ ਵਿਅਕਤੀ ਨੇ "ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ" (ਯਾਕੂਬ 5:15)। ਇਹ ਵਿਚਾਰ ਕਿ ਪਰਮੇਸ਼ੁਰ ਤਾੜਨਾ ਰਾਹੀਂ ਗੱਲ ਕਰਦਾ ਹੈ - ਘੱਟੋ ਘੱਟ ਕੁਝ ਹਾਲਾਤਾਂ ਵਿਚ - ਵਚਨਾਂ ਦੁਆਰਾ ਇਸ ਦਾ ਸਮਰਥਨ ਕੀਤਾ ਗਿਆ ਹੈ।

ਪਰਮੇਸ਼ੁਰ ਨੇ ਇਕ ਦੂਤ ਰਾਹੀਂ ਗੱਲ ਕੀਤੀ ਸੀ (33:23-28)। ਅਲੀਹੂ ਨੇ ਕਿਹਾ, "ਹੁਣ ਜੇ ਉਸ ਦੇ ਕੋਲ ਕੋਈ ਦੂਤ ਹੋਵੇ, ਹਜ਼ਾਰਾਂ ਵਿੱਚੋਂ ਇੱਕ ਅਰਥ ਕਰਨ ਵਾਲਾ, ਉਹ ਦੱਸੇ ਭਈ ਆਦਮੀ ਦੇ ਲਈ ਠੀਕ ਕੀ ਹੈ ..." (33:23)। ਇਬਰਾਨੀ ਸ਼ਬਦ ਜਿਸ ਦਾ ਅਨੁਵਾਦ "ਫਰਿਸ਼ਤਾ" ਕੀਤਾ ਗਿਆ ਦਾ ਅਰਥ "ਦੂਤ" ਹੈ ਅਤੇ ਇਹ ਜਾਂ ਤਾਂ ਸੁਰਗੀ ਦੂਤ ਜਾਂ ਇਕ ਮਨੁੱਖੀ ਦੂਤ ਦਾ ਹਵਾਲਾ ਦੇ ਸਕਦਾ ਹੈ। ਅਲੀਹੂ ਨੇ ਕਲਪਨਾ ਕੀਤੀ ਕਿ ਇਹ ਦੂਤ ਜਿਸ ਨੇ ਮਨੁੱਖ ਅਤੇ ਪਰਮੇਸ਼ੁਰ ਵਿਚਕਾਰ ਇਕ "ਵਿਚੋਲੇ" ਦਾ ਕੰਮ ਕੀਤਾ, ਆਖ਼ਰਕਾਰ ਸਰੀਰਕ ਅਤੇ ਆਤਮਿਕ ਬਹਾਲੀ ਲੈ ਕੇ ਆਇਆ (33:24-26)। ਅੰਤ ਵਿਚ, ਮਨੁੱਖ ਨੇ ਆਪਣੇ ਪਾਪਾਂ ਦਾ ਇਕਰਾਰ ਕੀਤਾ ਅਤੇ ਯਹੋਵਾਹ ਦੇ ਛੁਟਕਾਰੇ ਦਾ ਅਨੰਦ ਮਨਾਇਆ (33:27, 28)। ਜੇਕਰ ਮਨੁੱਖੀ ਦੂਤ ਵਿਚਾਰ ਅਧੀਨ ਹੈ, ਤਾਂ ਸ਼ਾਇਦ ਅਲੀਹੂ ਨੇ ਆਪਣੇ ਆਪ ਨੂੰ ਅੱਯੂਬ ਅਤੇ ਪਰਮੇਸ਼ੁਰ ਵਿਚਕਾਰ ਇਕ ਵਿਚੋਲੇ ਦੇ ਰੂਪ ਵਿਚ ਵੇਖਿਆ!

ਬਾਈਬਲ ਦੇ ਪੂਰੇ ਇਤਹਾਸ ਦੌਰਾਨ, ਪਰਮੇਸ਼ੁਰ ਨੇ ਦੂਤਾਂ ਦੀ ਵਰਤੋਂ ਮਨੁੱਖਾਂ ਤੱਕ ਆਪਣੀ ਰੱਬੀ ਇੱਛਾ ਨੂੰ ਪਹੁੰਚਾਉਣ ਲਈ ਕੀਤੀ ਸੀ। ਕੁਝ ਹਾਲਾਤਾਂ ਵਿਚ, ਇਹ ਸੁਰਗੀ ਦੂਤ (ਫਰਿਸ਼ਤੇ) ਸਨ ਜਿਹੜੇ ਮਨੁੱਖੀ ਰੂਪ ਵਿਚ ਜਾਂ ਸੁਫ਼ਨਿਆਂ ਅਤੇ ਦਰਸ਼ਣਾਂ ਵਿਚ ਪਰਗਟ ਹੋਏ। ਹੋਰ ਹਾਲਾਤਾਂ ਵਿਚ, ਇਹ ਮਨੁੱਖੀ ਦੂਤ (ਨਬੀ) ਸਨ ਜਿਨ੍ਹਾਂ ਨੂੰ ਯਹੋਵਾਹ ਦੀ ਵੱਲੋਂ ਪਰਮੇਸ਼ੁਰ ਦੀ ਪ੍ਰੇਰਣਾ ਵਾਲਾ ਸੰਦੇਸ਼ ਦਿੱਤਾ ਗਿਆ ਸੀ। ਅਜਿਹੇ ਦੂਤਾਂ ਦੀ ਭੂਮਿਕਾ ਪਾਪ ਦਾ ਵਿਰੋਧ ਕਰਨਾ, ਹਿਦਾਇਤਾਂ ਦੇਣਾ ਅਤੇ ਭਵਿੱਖ ਬਾਰੇ ਦੱਸਣਾ ਸੀ।

ਸਿੱਟਾ। ਇਸ ਪਾਠ ਦੇ ਅਰੰਭ ਵਿਚ, ਅਸੀਂ ਉਸ ਕਥਨ ਦਾ ਹਵਾਲਾ ਦਿੱਤਾ ਸੀ ਕਿ ਪਰਮੇਸ਼ੁਰ ਨੇ "ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ" ਗੱਲ ਕੀਤੀ ਸੀ (ਇਬਰਾਨੀਆਂ 1:1; NIV)। ਲਿਖਤ ਅੱਗੇ ਕਹਿੰਦੀ ਹੈ, "ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ ਜਿਹ ਨੂੰ ਉਹ ਨੇ ਸਭਨਾਂ ਵਸਤਾਂ ਦਾ ਵਾਰਸ ਬਣਾਇਆ ਅਤੇ ਓਸੇ ਦੇ ਵਸੀਲੇ ਉਹ ਨੇ ਜਹਾਨ ਵੀ ਰਚੇ" (ਇਬਰਾਨੀਆਂ 1:2; NIV)। ਯਿਸੂ ਮਨੁੱਖਜਾਤੀ ਲਈ ਪਰਮੇਸ਼ੁਰ ਦੇ ਪਰਕਾਸ਼ ਦਾ ਪੂਰਨ ਰੂਪ ਹੈ। ਯੂਹੰਨਾ ਨੇ ਲਿਖਿਆ, "ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਤੇ ਤੇਜ ਵਰਗਾ ਡਿੱਠਾ" (ਯੂਹੰਨਾ 1:14)।

ਯਿਸੂ ਨੇ ਧਰਤੀ ਉੱਤੇ ਆਪਣਾ ਕੰਮ ਪੂਰਾ ਕਰਨ ਅਤੇ ਸੁਰਗ ਨੂੰ ਚੜ੍ਹਨ ਤੋਂ ਬਾਅਦ, ਉਸ ਨੇ ਰਸੂਲਾਂ ਦੀ ਸਾਰੀ ਸਚਿਆਈ ਵਿਚ ਅਗਵਾਈ ਕਰਨ ਦੇ ਲਈ ਪਵਿੱਤਰ ਆਤਮਾ ਨੂੰ ਭੇਜਿਆ (ਯੂਹੰਨਾ 16:13; ਰਸੂਲਾਂ ਦੇ ਕਰਤੱਬ 1:8; 2:1-4)। ਪਰਮੇਸ਼ੁਰ ਦੀ ਪ੍ਰੇਰਣਾ ਪਾਏ ਹੋਏ ਇਨ੍ਹਾਂ ਮਨੁੱਖਾਂ ਨੇ, ਨਬੀਆਂ ਨਾਲ ਮਿਲ ਕੇ, ਨਵੇਂ ਨੇਮ ਦੀਆਂ ਪੁਸਤਕਾਂ ਲਿਖੀਆਂ। ਬਾਈਬਲ, ਜਿਸ ਵਿਚ ਨਵਾਂ ਅਤੇ ਪੁਰਾਣਾ ਦੋਵੇਂ ਨੇਮ ਸ਼ਾਮਲ ਹਨ, ਅੱਜ ਸਾਡੇ ਜੀਵਨਾਂ ਲਈ ਪਰਮੇਸ਼ੁਰ ਦੀ ਇੱਛਾ ਨੂੰ ਪਰਗਟ ਕਰਦੀ ਹੈ। ਇਹ ਬਾਕੀ ਸਮੇਂ ਲਈ ਉਸ ਦਾ ਸੰਦੇਸ਼ ਹੈ। ਆਓ ਅਸੀਂ ਇਸ ਦਾ ਅਧਿਐਨ ਕਰੀਏ, ਇਸ ਉੱਤੇ ਧਿਆਨ ਕਰੀਏ ਅਤੇ ਇਸ ਤੇ ਅਮਲ ਕਰੀਏ।

ਡੀ. ਸਟੀਵਰਟ

ਟਿੱਪਣੀਆਂ

[1]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 437. [2]ਜੇਮਸ ਬਰਟਨ ਅਤੇ ਥੀਲਮਾ ਬੀ. ਕੌਫਮੈਨ, *ਦ ਬੁਕ ਆਫ਼ ਅੱਯੂਬ* (ਐਬੀਲੀਨ, ਟੈਕਸਸ: ਏਸੀਯੂ ਪ੍ਰੈਸ, 1993), 285. [3]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ਼, 1992), 604. [4]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:27-28. [5]ਰੌਬਰਟ ਐੱਲ. ਐਲਡਨ, *ਅੱਯੂਬ*, ਦ ਨਿਊ ਅਮੇਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 322. [6]ਰੀਬਰਨ, 606. [7]ਕੋਹਲਰ ਅਤੇ ਬਾਉਮਗਾਰਟਨਰ, 2:1147-48. [8]ਮਾਰਵਿਨ ਐੱਚ. ਪੋਪ, *ਅੱਯੂਬ*, ਦਿ ਐਂਕਰ ਬਾਈਬਲ, ਜਿਲਦ 15 (ਗਾਰਡਨ ਸਿਟੀ, ਨਿਊ ਯਾਰਕ: ਡੱਬਲਡੇਅ ਐਂਡ ਕੰਪਨੀ, ਇੰਕ., 1965), 217. [9]ਹਾਰਟਲੀ, 442.[10]ਉਸੇ ਸਥਾਨ ਤੇ।

[11]ਰੀਬਰਨ, 612. ਹੋਰ ਉਦਾਹਰਣਾਂ ਲਈ, ਵੇਖੋ ਅੱਯੂਬ 5:19; ਜ਼ਬੂਰ 62:11; ਕਹਾਉਤਾਂ 6:16; 30:15. [12]ਕੋਹਲਰ ਅਤੇ ਬਾਉਮਗਾਰਟਨਰ, 1:557. [13]ਸੈਮੂਏਲ ਕੋਕਸ, *ਏ ਕਮੈਂਟਰੀ ਆਨ ਦ ਬੁਕ ਆਫ਼ ਅੱਯੂਬ*, ਦੂਜਾ ਸੰਪਾਦਨ (ਲੰਡਨ: ਕੀਗਨ ਪੌਲ, ਟਰੈਂਚ ਐਂਡ ਕੰਪਨੀ, 1885), 433. [14]ਐਲਡਨ, 329. [15]NASB ਬਾਈਬਲ ਨੇ ਆਇਤ 32 ਦੇ ਅਰੰਭ ਵਿਚ “ਤਾਂ” ਸ਼ਬਦ ਜੋੜਿਆ ਜੋ ਗਲਤ ਢੰਗ ਨਾਲ ਸੁਝਾਅ ਦਿੰਦਾ ਹੈ ਕਿ ਅੱਯੂਬ ਲਈ ਬੋਲਣ ਦਾ ਮੌਕਾ ਬਾਅਦ ਵਿਚ ਸੀ। [16]ਰੀਬਰਨ, 623. [17]ਹਾਰਟਲੀ, 448.